# ਇਹ ਪਰਿੰਦੇ ਸਿਆਸਤ ਨਹੀਂ ਜਾਣਦੇ

ਕੁਲਜੀਤ ਕੌਰ ਗ਼ਜ਼ਲ ਦੀ ਕਲਮ ਤੋਂ:

1. ਤਰੇਲ ਜਿਹੇ ਮੋਤੀ (ਗ਼ਜ਼ਲ ਸੰਗ੍ਰਹਿ) 2006, 2016
2. ਦਿਲ ਕਰੇ ਤਾਂ ਖਤ ਲਿਖੀਂ (ਖ਼ਤ ਸੰਗ੍ਰਹਿ) 2010
3. ਰਾਗ ਮੁਹੱਬਤ (ਕਾਵ ਸੰਗ੍ਰਹਿ) 2013

# ਇਹ ਪਰਿੰਦੇ ਸਿਆਸਤ ਨਹੀਂ ਜਾਣਦੇ

ਕੁਲਜੀਤ ਕੌਰ ਗ਼ਜ਼ਲ

Eh Prinde Siasat Nhin Jande (a collection of gazals) *by*

Kuljeet Kaur Gazal
Melbourne (Australia)
Email: punjabiheart@yahoo.com.au
Mob. +61 0491 019 360
+61 431 872 235

ਕੁਲਜੀਤ ਕੌਰ ਗ਼ਜ਼ਲ
ਪਿੰਡ: ਤਲਵੰਡੀ ਖੁੰਮਣ
ਡਾਕ: ਪਾਖਰਪੁਰਾ
ਜਿਲਾ: ਅੰਮ੍ਰਿਤਸਰ
ਪੰਜਾਬ 143502

© *Kuljeet Kaur Gazal*

1st Edition: 2018

ISBN 978-0-9959287-9-4

P.B. 150/-

Printed & Bound at:
Shaheed-E-Azam Press & Hospitality Pvt. Ltd. (Patiala)

**ਸਮਰਪਣ**

ਯੂਰਪੀਅਨ ਪੰਜਾਬੀ ਸੱਥ ਦੀ ਰੂਹ
ਸ. ਮੋਤਾ ਸਿੰਘ ਸਰਾਏ ਜੀ  ਦੇ ਨਾਂ।

# 'ਇਹ ਪਰਿੰਦੇ ਸਿਆਸਤ ਨਹੀਂ ਜਾਣਦੇ' ਦੀ ਰਚਨਾ-ਦ੍ਰਿਸ਼ਟੀ

ਕੁਲਜੀਤ ਕੌਰ ਗ਼ਜ਼ਲ ਪੰਜਾਬੀ ਦੀ ਸੂਖਮ-ਦ੍ਰਿਸ਼ਟੀ ਵਾਲੀ ਰਚਨਾਕਾਰ ਹੈ। ਉਸਦੀ ਰਚਨਾਕਾਰੀ ਦਾ ਸਫਰ 'ਤ੍ਰੇਲ ਜਿਹੇ ਮੋਤੀ' ਕਾਵਿ-ਪੁਸਤਕ ਨਾਲ ਸ਼ੁਰੂ ਹੁੰਦਾ ਹੈ। 'ਰਾਗ ਮੁਹੱਬਤ' ਤੱਕ ਪਹੁੰਚਦੀ ਉਸਦੀ ਸ਼ਾਇਰੀ ਗੁਣਾਤਮਿਕ ਵਿਕਾਸ ਕਰਦੀ ਹੈ। ਉਸਦੀ ਰਚਨਾਕਾਰੀ ਵਿੱਚ ਵਿਸ਼ਾ ਚੋਣ ਤੇ ਕਾਵਿ-ਸ਼ੈਲੀ ਦੇ ਪੱਖ ਤੋਂ ਬੜਾ ਖੂਬਸੂਰਤ ਬਦਲਾਅ ਆਉਂਦਾ ਹੈ। ਜਿਸ ਵਕਤ ਕੁਲਜੀਤ 'ਦਿਲ ਕਰੇ ਤਾਂ ਖ਼ਤ ਲਿਖੀਂ' ਪੁਸਤਕ ਵਿੱਚ ਪੰਜਾਬੀ ਜ਼ੁਬਾਨ ਦੇ ਪ੍ਰਸਿੱਧ ਲੇਖਕਾਂ, ਵਿਦਵਾਨਾਂ ਤੇ ਪਾਠਕਾਂ ਦੇ ਖ਼ਤਾਂ ਨੂੰ ਛਾਪਦੀ ਹੈ, ਤਾਂ ਉਸਦੀ ਸਾਹਿਤਕ ਪ੍ਰਤੀਬੱਧਤਾ ਸਪੱਸ਼ਟ ਹੁੰਦੀ ਹੈ। ਉਸਦੀ ਸਾਹਿਤਕ ਪ੍ਰਤੀਬੱਧਤਾ ਜ਼ਿੰਦਗੀ ਦੇ ਕਿਲੇ ਵਿਚਲੇ ਉਨ੍ਹਾਂ ਮਜ਼ਬੂਤ ਵਰਗਾਂ ਨਾਲ ਸੰਵਾਦ ਰਚਾਉਣ ਵਿੱਚ ਨਿਹਤ ਹੈ, ਜੋ ਖ਼ਤਾਂ ਵਾਂਗ ਕਦੇ 'ਡਿਲੀਟ' ਨਹੀਂ ਹੁੰਦੇ।

ਇਨ੍ਹਾਂ ਤਿੰਨ ਪੁਸਤਕਾਂ ਤੋਂ ਬਾਅਦ ਕੁਲਜੀਤ ਆਪਣੀ ਚੌਥੀ ਪੁਸਤਕ 'ਇਹ ਪਰਿੰਦੇ ਸਿਆਸਤ ਨਹੀਂ ਜਾਣਦੇ' ਨਾਲ ਪੰਜਾਬੀ ਸਾਹਿਤ ਦੇ ਦਰਵਾਜ਼ੇ 'ਤੇ ਫਿਰ ਦਸਤਕ ਦਿੰਦੀ ਹੈ। ਇਹ ਕਾਵਿ-ਦਸਤਕ ਉਸ ਦੀ ਮਨਪਸੰਦ ਕਾਵਿ-ਵਿਧਾ ਗ਼ਜ਼ਲ ਦੇ ਰੂਪ ਵਿੱਚ ਹੈ। ਗ਼ਜ਼ਲ ਦੇ ਰੂਪ ਵਿਧਾਨ ਪੱਖ ਤੋਂ ਵਚਨ, ਬਹਿਰ, ਕਾਫੀਆ, ਰਦੀਫ, ਤੋਲ-ਤੁਕਾਂਤ ਤੇ ਮਤਲਾ ਤੋਂ ਮਕਤਾ ਤੱਕ ਦੇ ਕਾਵਿ-ਪ੍ਰਬੰਧ ਵਿੱਚ ਰਚਨਾਕਾਰ ਨੇ ਪਹਿਲੀਆਂ ਦੋ ਪੁਸਤਕਾਂ ਦੇ ਸਮਾਨਅੰਤਰ ਕਾਫੀ ਵਿਕਾਸ ਕੀਤਾ ਹੈ। ਇਹ ਵਿਕਾਸ ਵਸਤੂ-ਚੋਣ, ਵਿਚਾਰਧਾਰਾ, ਸਰੋਕਾਰਾਂ ਤੇ ਖਿਆਲ ਦੀ ਪੱਧਰ 'ਤੇ ਹੋਰ ਵੀ ਨਿੱਖਰ ਕੇ ਸਾਹਮਣੇ ਆਇਆ ਹੈ। ਕੁਲਜੀਤ ਮਾਨਵੀਂ ਤੇ ਸਮਾਜਿਕ ਸਰੋਕਾਰਾਂ-ਸੰਕਟਾਂ ਦੇ ਅੰਤਰ-ਬਾਹਰੀ ਅਹਿਸਾਸਾਂ ਦੀ ਰਚਨਾਕਾਰ ਹੈ। ਉਸਦੀ ਰਚਨਾ-ਦ੍ਰਿਸ਼ਟੀ ਦਾ ਕੇਂਦਰੀ ਮਰਕਜ਼ ਇੱਕ ਖੂਬਸੂਰਤ ਜ਼ਿੰਦਗੀ ਤੇ ਸਮਾਜ ਦੀ ਸਿਰਜਣਾ ਕਰਨ ਵਾਲੇ ਸੁਪਨੇ ਦੇ ਹੱਕ ਵਿੱਚ ਗਵਾਹੀ ਦੇਣਾ ਹੈ।

ਇਸ ਪੁਸਤਕ ਵਿੱਚ ਦਰਜ ਸਮੁੱਚੀ ਗ਼ਜ਼ਲਕਾਰੀ ਆਪਣੇ ਆਪ ਰਾਹੀਂ ਸਮਾਜ ਨੂੰ ਅਤੇ ਸਮਾਜ ਰਾਹੀਂ ਆਪਣੇ ਆਪ ਨੂੰ ਸਮਝਣ ਦਾ ਕਾਵਿ-ਪ੍ਰਵਚਰਨ ਹੈ। ਇਹ ਪ੍ਰਵਚਨ ਜਿੱਥੇ ਇੱਕ ਪਾਸੇ ਮਾਨਵੀਂ ਸਮਾਜ ਵਿੱਚ ਫੈਲੇ ਅਧਰਮ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਵੋਟ ਰਾਜਨੀਤੀ, ਗਰੀਬੀ, ਧੀਆਂ ਦਾ ਦਰਦ, ਪਲ-ਪਲ ਜ਼ਖਮੀ ਹੁੰਦੀ ਲੋਕਾਈ ਤੇ ਜ਼ਿੰਦਗੀ ਦੀ ਬਾਤ ਪਾਉਂਦਾ ਹੈ, ਉੱਥੇ ਦੂਜੇ ਪਾਸੇ ਪਿਆਰ, ਮੁਹੱਬਤ, ਵਫਾ-ਬੇਵਫਾ, ਮੁਹੱਬਤ ਦੀ ਰਾਜਨੀਤੀ, ਟੁੱਟਦੇ-ਤਿੜਕਦੇ ਰਿਸ਼ਤੇ ਤੇ ਦਿਲ-ਰੂਹ ਵਿੱਚ ਦਫਨ ਮੂਕ ਅਹਿਸਾਸਾਂ ਨੂੰ ਜ਼ੁਬਾਨ ਦਿੰਦਾ ਹੈ। ਇਸ ਕੋਟੀ ਦੇ ਲੋਕ-ਜੀਵਨ ਦਾ ਰੂਪਾਂਤਰਨ

ਕਰਦੀ ਹੋਈ ਕੁਲਜੀਤ ਦੀ ਸ਼ਾਇਰੀ ਸਟੇਟ, ਰਾਸ਼ਟਰ, ਤੇ ਅੰਤਰਰਾਸ਼ਟਰੀ ਸਰੋਕਾਰਾਂ ਨਾਲ ਵੀ ਸੰਵਾਦ ਰਚਾਉਂਦੀ ਹੈ। 'ਤੂੰ ਦਹਿਸ਼ਤਗਰਦਾ ਹਰ ਘਰ ਨੂੰ ਹੈ ਖੰਡਰ ਬਣਾ ਦਿੱਤਾ' ਇਸ ਦੀ ਸਭ ਤੋਂ ਪ੍ਰਮਾਣਿਕ ਮਿਸਾਲ ਹੈ। ਇਸ ਕਾਵਿਕ-ਮਿਸਾਲ ਉਸ ਵਕਤ ਸ਼ਾਇਰਾ ਦੀ ਸ਼ਾਇਰੀ ਦਾ ਸਿਖਰ ਸਿਰਜ ਦਿੰਦੀ ਹੈ, ਜਦੋਂ ਉਹ ਲਿਖਦੀ ਹੈ, "ਚੋਗ ਚੁਗਦੇ ਹੀ ਪਿੰਜਰੇ 'ਚ ਫਸ ਜਾਣਗੇ, ਇਹ ਪਰਿੰਦੇ ਸਿਆਸਤ ਨਹੀਂ ਜਾਣਦੇ।"

ਜਿਨ੍ਹਾਂ ਵਿਅਕਤੀਆਂ, ਵਸਤੂਆਂ ਤੇ ਵਰਤਾਰਿਆਂ ਨੇ ਮਨੁੱਖ ਦੀ ਜ਼ਿੰਦਗੀ ਨੂੰ ਸਿਆਸਤ ਦੀ ਸਟੇਜ ਬਣਾ ਕੇ ਰੱਖ ਦਿੱਤਾ ਹੈ, ਉਨ੍ਹਾਂ ਦੇ ਵਿਰੋਧ ਵਿੱਚ ਕੁਲਜੀਤ ਅੱਖਰਾਂ, ਸ਼ਬਦਾਂ ਤੇ ਵਿਚਾਰਾਂ ਦੇ ਪਰਿੰਦੇ ਉਡਾਂਦੀ ਹੈ। ਇਹ ਪਰਿੰਦੇ ਸਿਆਸਤ ਨਹੀਂ ਜਾਣਦੇ। ਇਹ ਪਿਆਰ ਮੁਹੱਬਤ, ਵਫ਼ਾ ਤੇ ਖ਼ੂਬਸੂਰਤ ਜ਼ਿੰਦਗੀ ਦਾ ਸਿਰਨਾਵਾਂ ਜਾਣਦੇ ਹਨ। ਇਨ੍ਹਾਂ ਪਰਿੰਦਿਆਂ ਨੂੰ ਸ਼ਕਤੀਸ਼ਾਲੀ ਕਾਵਿ-ਮੈਟਾਫਰ ਵਜੋਂ ਵਰਤਣਾ ਇਸ ਪੁਸਤਕ ਵਿੱਚ ਸ਼ਾਮਿਲ ਗ਼ਜ਼ਲਕਾਰੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇਸ ਬਹੁ-ਅਰਥੀ ਭਾਵ-ਬੋਧ ਵਾਲੀ ਪੁਸਤਕ ਦੀ ਸਿਰਜਣਾ ਲਈ ਮੈਂ ਕੁਲਜੀਤ ਕੌਰ ਗ਼ਜ਼ਲ ਨੂੰ ਮੁਬਾਰਕ ਆਖਦਾ ਹੋਇਆ ਉਸਦੀ ਅਜ਼ੀਮ ਸ਼ਾਇਰੀ ਦਾ ਸਵਾਗਤ ਕਰਦਾ ਹਾਂ।

**ਜਸਵੀਰ ਸਿੰਘ ਰਾਣਾ**
**ਮੋਬਾਇਲ +91 98156-59220**

# ਕੁਝ ਗੱਲਾਂ -ਮੇਰੇ ਵੱਲੋਂ

ਪਿਆਰੇ ਪਾਠਕੋ ਤੇ ਦੋਸਤੋ,
ਆਹ ਜੋ ਆਪਣੀ ਮਾਂ ਬੋਲੀ ਦੇ ਸ਼ਬਦ ਇਸ ਕਿਤਾਬ ਸਬੰਧੀ ਲਿਖ ਰਹੀ ਹਾਂ, ਇਹ ਹੀ ਨੇ ਜੋ ਪਰਦੇਸ ਆਉਣ ਤੋਂ ਬਾਦ ਪਹਿਲੀ ਵਾਰ ਲਿਖ ਸਕੀ ਹਾਂ, ਇਸ ਤੋਂ ਪਹਿਲਾਂ ਕੁਝ ਨਹੀਂ ਲਿਖਿਆ, ਜੋ ਲਿਖਿਆ ਆਪਣੇ ਪਿੰਡ ਵਿੱਚ ਰਹਿ ਕੇ ਹੀ ਲਿਖਿਆ | ਕਿਤਾਬ ਵਿਚਲੀਆਂ ਕੁਝ ਗ਼ਜ਼ਲਾਂ ਨੂੰ ਪੜ੍ਹ ਕੇ ਜਾਪੇਗਾ ਕੇ ਉਹਨਾਂ ਵਿੱਚ ਮੈਂ ਦੇਸ਼ ਤੇ ਘਰ ਵਿਛੋੜੇ ਦਾ ਹੇਰਵਾ ਪ੍ਰਗਟ ਕੀਤਾ ਹੈ, ਪਰ ਅਸਲ ਗੱਲ ਤਾਂ ਇਹ ਹੈ ਕਿ ਆਪਣੇ ਦੇਸ਼ ਵਿੱਚ ਰਹਿ ਕੇ ਵੀ ਮੇਰੇ ਅੰਦਰ ਪਰਦੇਸ ਹੀ ਪਰਦੇਸ ਸੀ | ਪਰਦੇਸ ਤੇ ਪਰਦੇਸੀ ਮੇਰੇ ਖਿਆਲਾਂ ਤੇ ਸੁਪਨਿਆਂ ਦਾ ਹਿੱਸਾ ਰਹੇ ਹਨ|

ਸੰਨ 2007 ਵਿੱਚ ਮੇਰੇ ਸੁਪਨਿਆਂ ਦੀ ਧਰਤੀ ਆਸਟ੍ਰੇਲੀਆ ਵਾਸਤੇ ਘਰ ਛੱਡਣ ਤੋਂ ਬਾਅਦ ਪਤਾ ਨਹੀਂ ਕਿ ਸੱਪ ਸੁੰਘਿਆ, ਪਤਾ ਨਹੀਂ ਕਿਹੜੀ ਮਾਰ ਵੱਜ ਗਈ ਮੈਨੂੰ, ਨਾ ਮੇਰਾ ਮਨ ਸਰੂਰ ਵਿੱਚ ਝੂਮਿਆ, ਨਾ ਕੋਈ ਖਿਆਲ ਆਇਆ , ਨਾ ਮੇਰਾ ਦਿਲ ਗੁਣਗੁਨਾਇਆ ਤੇ ਨਾ ਹੀ ਮੇਰੀ ਕਲਮ ਕਾਗਜ਼ ਲਈ ਤਿਲਮਿਲਾਈ | ਬਸ ਰੂਹ ਕਿਤੇ ਤੇ ਸਰੀਰ ਕਿਤੇ ਵਾਲੀ ਗੱਲ ਹੋ ਗਈ ਮੇਰੇ ਨਾਲ, ਇੰਝ ਲੱਗਦਾ ਹੈ ਜਿੰਵੇ ਕਿਸੇ ਨੇ ਮੇਰੀ ਕਲਮ ਨੂੰ ਕੋਈ ਸਰਾਪ ਦੇ ਦਿੱਤਾ ਹੋਵੇ |

ਇਸ ਕਿਤਾਬ ਵਿੱਚਲੀਆਂ ਗ਼ਜ਼ਲਾਂ ਦੀ ਗਿਣਤੀ ਓਨੀ ਨਹੀਂ ਜਿੰਨੀ ਪਹਿਲੀ ਕਿਤਾਬ 'ਤਰੇਲ ਜਿਹੇ ਮੋਤੀ' ਵਿੱਚ ਸੀ, ਬਸ ਦਿਲ ਹੀ ਇਹਨਾਂ ਗ਼ਜ਼ਲਾਂ ਨੂੰ ਕਿਤਾਬੀ ਰੂਪ ਦੇਣ ਲਈ ਕਹਿੰਦਾ ਰਿਹਾ| ਸੋ ਦੋਸਤੋ, ਹਮੇਸ਼ਾਂ ਦੀ ਤਰਾਂ ਮੈਂ ਆਪਣੇ ਝੱਲੇ ਦਿਲ ਦੀ ਹੀ ਮੰਨੀ, ਇਹ ਸੋਚ ਕੇ ਕਿ ਸ਼ਾਇਦ ਇਸ ਹੰਭਲੇ ਨਾਲ ਮੈਂ ਫਿਰ ਤੋਂ ਆਪਣੀ ਕਲਮ, ਆਪਣੀ ਬੋਲੀ , ਆਪਣੇ ਪਾਠਕਾਂ, ਆਪਣੇ ਘਰ ਤੇ ਆਪਣੇ ਸਾਹਿਤਿਕ ਦੋਸਤਾਂ ਨਾਲ ਜੁੜ ਜਾਵਾਂ |ਸ਼ਾਇਦ ਫੇਰ ਤੋਂ ਮੇਰਾ ਮਨ ਸਰੂਰਿਆ ਜਾਵੇ ਤੇ ਸ਼ਾਇਦ ਫਿਰ ਤੋਂ ਮੇਰੀ ਰੁੱਸੀ ਕਲਮ ਕਾਗਜ਼ ਲਈ ਤੜਪ ਉੱਠੇ | ਸ਼ਾਇਦ ਮੇਰਾ ਪ੍ਰਦੇਸ ਵਾਲਾ ਗਰੀਬਖਾਨਾ, ਮੇਰੇ ਪਿੰਡ ਤਲਵੰਡੀ ਖੁੰਮਨ ਵਾਲੇ ਘਰ ਦੇ ਅਮੀਰ ਕਮਰੇ ਵਾਂਗ ਹੋ ਜਾਵੇ ਤੇ ਮੈਂ ਫਿਰ ਤੋਂ ਲਿਖਣ ਵਾਲਾ ਆਨੰਦ ਲੈ ਸਕਾਂ|

ਪੰਜਾਬੀ ਸੱਥ ਦੇ ਨਾਮਵਰ ਸੇਵਾਦਾਰ ਸਰਦਾਰ ਮੋਤਾ ਸਿੰਘ ਸਰਾਏ ਹੁਰਾਂ ਦੇ ਉੱਦਮ, ਉਤਸ਼ਾਹ ਤੇ ਮਿਹਨਤ ਸਦਕਾ ਪੰਜਾਬੀ ਸੱਥ ਵੱਲੋਂ ਛਪੇ ਮੇਰੇ ਪਹਿਲੇ ਗ਼ਜ਼ਲ ਸੰਗ੍ਰਹਿ 'ਤਰੇਲ ਜਿਹੇ ਮੋਤੀ' ਨੂੰ ਤੁਸੀਂ ਬਹੁਤ ਬਹੁਤ ਪਿਆਰ ਦਿੱਤਾ ਤੇ ਗਲ਼ ਨਾਲ ਲਾਇਆ | ਤੁਹਾਡੇ ਭੇਜੇ ਖ਼ਤ ਮੈਂ ਆਪਣੀ ਦੂਜੀ ਕਿਤਾਬ ' ਦਿਲ ਕਰੇ ਤਾਂ ਖ਼ਤ ਲਿਖੀਂ ' (ਖ਼ਤਾਂ ਦੀ

ਕਿਤਾਬ) ਵਿੱਚ ਸਦਾ ਲਈ ਸਾਂਭ ਰੱਖੇ ਹਨ, ਤੇ ਵਾਅਦਾ ਹੈ ਕਿ ਤੁਹਾਡੇ ਖ਼ਤ ਭਵਿੱਖ ਵਿੱਚ ਵੀ ਸਾਂਭ ਕੇ ਰੱਖਾਂਗੀ |

ਇਸ ਗ਼ਜ਼ਲ ਸੰਗ੍ਰਹਿ ਵਿੱਚ ਮੈਂ ਵੱਖ ਬਹਿਰਾਂ ਦੀ ਵਰਤੋਂ ਕੀਤੀ ਹੈ, ਉਮੀਦ ਕਰਦੀ ਹਾਂ ਕਿ ਬਹਿਰਾਂ ਦਾ ਇਹ ਮਿਸ਼੍ਰਣ ਪਿਆਰੇ ਤੇ ਸੁਹਿਰਦ ਪਾਠਕਾਂ ਨੂੰ ਪਸੰਦ ਆਵੇਗਾ | ਮੈਂ ਤੁਹਾਡੇ ਤੋਂ ਇਹ ਵੀ ਆਸ ਰੱਖਦੀ ਹਾਂ ਕਿ ਤੁਸੀਂ ਮੇਰੀਆਂ ਗ਼ਲਤੀਆਂ, ਕਮਜ਼ੋਰੀਆਂ, ਬੇਵਕੂਫੀਆਂ, ਤਰੁੱਟੀਆਂ ਤੇ ਕਮੀਆਂ ਤੋਂ ਮੈਨੂੰ ਜਾਣੂ ਕਾਰਵਾਓਗੇ, ਕੋਸ਼ਿਸ ਕਰਿਓ ਮੇਰੇ ਪਿੰਡ ਵਾਲੇ ਪਤੇ ਤੇ ਖ਼ਤ ਲਿਖਣ ਦੀ ਤਾਂ ਜੋ ਤੁਹਾਡੇ ਖ਼ਤ ਮੈਂ ' ਦਿਲ ਕਰੇ ਤਾਂ ਖ਼ਤ ਲਿਖੀਂ ' (ਖ਼ਤਾਂ ਦੀ ਕਿਤਾਬ) ਦੀ ਅਗਲੀ ਐਡੀਸ਼ਨ ਵਿੱਚ ਸਾਂਭ ਸਕਾਂ |ਈ-ਮੇਲ ਨਾਲ ਵੀ ਕੰਮ ਸਾਰ ਲਵਾਂਗੀ |

ਆਹ ਹੱਥਲੀ ਪੁਸਤਕ ਨੂੰ ਛਾਪਣ ਵਿੱਚ ਪੰਜਾਬੀ ਦੇ ਪ੍ਰਸਿੱਧ ਤੇ ਚਰਚਿਤ ਕਹਾਣੀਕਾਰ ਤੇ ਨਾਵਲਕਾਰ ਸਰਦਾਰ ਜਸਵੀਰ ਸਿੰਘ ਰਾਣਾ ਜੀ ਦਾ ਬਹੁਤ ਵੱਡਾ ਹੱਥ ਰਿਹਾ ਹੈ, ਓਹਨਾ ਦੇ ਉਤਸ਼ਾਹ ਤੇ ਮਿਹਨਤ ਸਦਕਾ ਮੇਰੀਆਂ ਗ਼ਜ਼ਲਾਂ ਨੂੰ ਇਹ ਸੁੰਦਰ ਪੁਸਤਕ ਰੂਪ ਮਿਲ ਗਿਆ ਹੈ, ਜੋ ਹਰੇਕ ਲੇਖਕ ਦਾ ਇੱਕ ਸੁਪਨਾ ਹੁੰਦਾ ਆ | ਮੈਂ ਤੇ ਮੇਰਾ ਸਾਹਿਤਿਕ ਪਰਿਵਾਰ ਜਸਵੀਰ ਸਿੰਘ ਰਾਣਾ ਜੀ ਦਾ ਬਹੁਤ ਬਹੁਤ ਧੰਨਵਾਦੀ ਹੈ |

ਜਸਵੀਰ ਸਿੰਘ ਰਾਣਾ ਤੇ ਮੋਤਾ ਸਿੰਘ ਸਰਾਏ ਜੀ ਤੋਂ ਇਲਾਵਾ ਹੋਰ ਪਿਆਰੀਆਂ ਰੂਹਾਂ ਦਾ ਵੀ ਬਹੁਤ ਸਹਿਯੋਗ ਰਿਹਾ ਹੈ ਜਿਹਨਾਂ ਦਾ ਸ਼ੁਕਰਾਨਾ ਕਰਨਾ ਮੇਰਾ ਪਹਿਲਾ ਫਰਜ਼ ਹੈ :

- ਸਭ ਤੋਂ ਪਹਿਲਾਂ ਪਰਮਾਤਮਾ ਦਾ ਸ਼ੁਕਰੀਆ ਅਦਾ ਕਰਦੀ ਹਾਂ, ਜੋ ਹਮੇਸ਼ਾ ਮੇਰੇ ਅੰਗ-ਸੰਗ ਹੈ |
- ਆਪਣੀ ਪੜਦਾਦੀ ਜੀ (ਸਵ: ਜੱਸ ਕੌਰ ), ਦਾਦੀ ਜੀ ( ਸਵ: ਮਹਿੰਦਰ ਕੌਰ ), ਦਾਦਾ ਜੀ (ਸਵ: ਬਚਨ ਸਿੰਘ ਕਾਹਲੋਂ), ਆਪਣੀ ਮਾਂ (ਸ਼੍ਰੀਮਤੀ ਕੁਲਵੰਤ ਕੌਰ ਕਾਹਲੋਂ ), ਪਿਤਾ ਜੀ (ਸਰਦਾਰ ਨਿਰਮਲ ਸਿੰਘ ਕਾਹਲੋਂ ), ਆਪਣੇ ਅਧਿਆਪਕਾਂ ਤੇ ਆਪਣੀ ਜਨਮ ਭੂਮੀ ਤਲਵੰਡੀ ਖੁੰਮਨ ਵਿੱਚ ਸਾਡੇ ਘਰ ਦੇ ਆਂਢ- ਗੁਆਂਢ ਵੱਸਦੇ ਬਾਸ਼ਿੰਦਿਆਂ ਦੀ ਬਹੁਤ ਬਹੁਤ ਸ਼ੁਕਰਗੁਜ਼ਾਰ ਹਾਂ ਜਿਹਨਾਂ ਮੈਨੂੰ ਜੰਮਦੀ ਨੂੰ ਪੰਜਾਬੀ ਦੀ ਗੁੜਤੀ ਦਿੱਤੀ ਤਾਂ ਜੋ ਮੈਂ ਸਦਾ ਲਈ ਆਪਣੀ ਅਮੀਰ ਮਾਂ- ਬੋਲੀ ਪੰਜਾਬੀ ਤੇ ਮਾਣ ਕਰ ਸਕਾਂ ਤੇ ਸੰਸਾਰ ਵਿੱਚ ਸਿਰ ਉੱਚਾ ਕਰਕੇ ਜੀ ਸਕਾਂ |
- ਮੈਂ ਬਲਿਹਾਰੇ ਜਾਨੀ ਆਂ ਆਪਣੇ ਸਾਹਿਤਿਕ ਗੁਰੂ 'ਸਰਦਾਰ ਪੰਛੀ' ਜੀ ਤੋਂ ਜੋ ਵਰ੍ਹਿਆਂ ਪਹਿਲਾਂ ਸਿਹਤ ਨਾ ਠੀਕ ਹੋਣ ਕਾਰਨ ਵੀ ਓਹਨਾ ਦਿਨਾਂ

ਵਿੱਚ ਮੇਰੀਆਂ ਰਚਨਾਵਾਂ ਤੇ ਨਜ਼ਰ ਫੇਰਦੇ ਰਹੇ ਤੇ ਮੇਰੀਆਂ ਤਰੁੱਟੀਆਂ ਤੋਂ ਜਾਣੂੰ ਕਰਵਾਉਂਦੇ ਰਹੇ |

- ਆਪਣੇ ਪਤੀ ਮਿਸਟਰ ਮਾਈਕਲ ਲੈਸਲੀ ਜੀ ਦੀ ਧੰਨਵਾਦੀ ਹਾਂ ਜਿਹਨਾਂ ਨੇ ਕਈ ਕਈ ਵਾਰ ਮੇਰੇ ਹੱਥ ਵਿੱਚ ਕਾਗਜ਼ ਤੇ ਕਲਮ ਫੜਾ ਕੇ ਮੈਨੂੰ ਮੁੜ ਤੋਂ ਲਿਖਣ ਲਈ ਪ੍ਰੇਰਿਆ ਹੈ, ਤੇ ਮੇਰੇ ਅੰਦਰਲੇ ਕਵੀ ਨੂੰ ਮਰਨ ਨਹੀਂ ਦਿੱਤਾ, ਬਿਸ਼ੱਕ ਮੈਂ ਅਜੇ ਦੁਬਾਰਾ ਲਿਖਣਾ ਸ਼ੁਰੂ ਨਹੀਂ ਕੀਤਾ, ਪਰ ਮਨ ਵਿੱਚ ਬੜੀ ਤਸੱਲੀ ਹੈ ਕਿ ਮੈਨੂੰ ਪੈਰ ਪੈਰ ਤੇ ਹੌਂਸਲਾ ਦੇਣ ਵਾਲਾ ਮੇਰਾ ਹਮਸਫਰ ਮਾਈਕਲ ਹਮੇਸ਼ਾਂ ਮੇਰੇ ਨਾਲ ਹੈ ਤੇ ਉਹ ਹਮੇਸ਼ਾਂ ਵਾਂਙ ਮੇਰੇ ਹੱਥ ਵਿੱਚ ਕਾਗਜ਼ ਤੇ ਕਲਮ ਫੜਾਉਂਦਾ ਰਹੇਗਾ |
- ਸਾਹਿਤਿਕ ਦੋਸਤਾਂ ਤੇ ਪਾਠਕਾਂ ਜਿੰਵੇ ਪ੍ਰਸਿੱਧ ਗਿਆਨੀ ਸੰਤੋਖ ਸਿੰਘ ਜੀ, ਚਰਚਿਤ ਕਹਾਣੀਕਾਰ ਸ੍ਰੀ ਜਤਿੰਦਰ ਹਾਂਸ, ਪੰਜਾਬੀ ਸੰਸਾਰ ਪ੍ਰਸਿੱਧ ਗ਼ਜ਼ਲਗੋ ਗੁਰਚਰਨ ਕੌਰ ਕੋਚਰ ਜੀ, ਕਵੀ ਗੁਰਦੀਪ ਗਿੱਲ, ਮੁਹੰਮਦ ਯਾਸੀਨ ਸੰਧੇ, ਕਵੀ ਵਿਸ਼ਾਲ, ਪ੍ਰਵਾਸੀ ਲੇਖਕ ਸਰਬਜੀਤ ਸੋਹੀ ਜੀ,ਪਿਆਰੀ ਸਾਹਿਤਿਕ ਭੈਣ ਸਿਮਰਤ ਸੁਮੈਰਾ, ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ ਜੀ ਆਦਿ (ਹੋਰ ਵੀ ਬਹੁਤ ਸਾਰੇ ਨਾਮ ਨੇ ਜੋ ਇੱਥੇ ਲਿਖਣੇ ਸੰਭਵ ਨਹੀਂ ਹਨ ) ਸਭ ਦੀ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਹਮੇਸ਼ਾਂ ਮੈਨੂੰ ਹੌਂਸਲਾ ਦਿੱਤਾ ਹੈ ਤੇ ਮੈਨੂੰ ਆਪਣੇ ਨਾਲ ਜੋੜ ਕੇ ਰੱਖਿਆ |
- ਵੀਰ ਗੁਰਪ੍ਰੀਤ ਸਿੰਘ ਕਾਹਲੋਂ, ਹਰਪ੍ਰੀਤ ਸਿੰਘ ਕਾਹਲੋਂ, ਭੈਣ ਮਲਕੀਅਤ ਕੌਰ, ਹਰਿੰਦਰ ਕੌਰ ਤੇ ਰਾਜ, ਦਾ ਬਹੁਤ ਬਹੁਤ ਸ਼ੁਕਰੀਆ ਜੋ ਸਮੇ ਸਮੇ ਤੇ ਮੇਰਾ ਹੌਂਸਲਾ ਵਧਾਉਂਦੇ ਰਹਿੰਦੇ ਹਨ |

ਅੰਤ ਵਿੱਚ ਫਿਰ ਤੋਂ ਇਹ ਬੇਨਤੀ ਹੈ ਕਿ ਮੇਰੀ ਇਸ ਕਿਤਾਬ ਨੂੰ ਪੜ ਕਿ ਮੈਨੂੰ ਲਿਖਤੀ ਰੂਪ ਵਿੱਚ ਯਾਦ ਜਰੂਰ ਕਰਨਾ ਜੀ |

ਧੰਨਵਾਦ ਸਹਿਤ

ਤੁਹਾਡੇ ਹੁੰਘਾਰਿਆਂ ਤੇ ਪਿਆਰ ਦੀ ਉਡੀਕ ਵਿੱਚ

ਕੁਲਜੀਤ ਕੌਰ ਗ਼ਜ਼ਲ
ਮੈਲਬੌਰਨ, ਆਸਟ੍ਰੇਲੀਆ
ਪਿੰਡ: ਤਲਵੰਡੀ ਖੁੰਮਣ
ਫੋਨ: +61431872 235
ਈ-ਮੇਲ: punjabiheart@yahoo.com.au

# ਇਸ 'ਫਿਕਰ ਦੀ ਸ਼ਾਇਰੀ' ਨੂੰ ਜੀ ਆਇਆਂ

ਸਿਰਜਣਾ ਮਕਾਨਕੀ ਘਾੜਿਤ ਨਹੀਂ ਸਗੋਂ ਅੰਦਰਲੇ ਵਲਵਲਿਆਂ ਦੀ ਸੁਹਜਾਤਮਿਕ ਪੇਸ਼ਕਾਰੀ ਹੈ। ਪੰਜਾਬੀ ਕਾਵਿ ਪਰੰਪਰਾ ਦਾ ਮੌਲਿਕ ਅਤੇ ਆਪਣੇ ਸ਼ਾਸਤਰੀ ਵਿਧਾਨ ਵਾਲਾ ਵਿਲੱਖਣ ਜਲੌਅ ਹੈ। ਗ਼ਜਲ ਵਰਗੀ ਸਿਨਫ਼ ਇਸ ਪਰੰਪਰਾ ਵਿੱਚ ਪ੍ਰਵਾਨ ਚੜ੍ਹੀ ਭਾਵੇਂ ਇਹ ਖੁੱਲ੍ਹੀ ਕਵਿਤਾ ਦੇ ਮੁਕਾਬਲੇ ਔਖਾ ਕਾਰਜ ਹੈ। ਸ਼ਾਇਰ ਨੂੰ ਇੱਕੋ ਵੇਲੇ ਪਿੰਗਲ ਆਰੂਜ ਦੀ ਸਮਝ ਅਤੇ ਸੂਖਮ ਖਿਆਲ ਫੜ੍ਹਨ ਦੇ ਸਮਰੱਥ ਹੋਣਾ ਪੈਂਦਾ ਹੈ। ਸ਼ਬਦਾਂ ਦੀ ਕਲਾਬਾਜ਼ੀਆਂ ਦੇ ਨਾਲ ਨਾਲ ਕਾਵਿ ਦ੍ਰਿਸ਼ਟੀ ਦੀ ਸਪੱਸ਼ਟਤਾ ਅਤੇ ਸ਼ਬਦਾਂ ਦੀਆਂ ਅਬੁੱਝ ਰਮਜ਼ਾਂ ਦੀ ਸਮਝ ਦਾ ਹੋਣਾ ਲਾਜ਼ਮੀ ਹੁੰਦਾ ਹੈ।

ਲੋਕ ਸਰੋਕਾਰ ਰੱਖਣ ਵਾਲੀ ਕੁਲਜੀਤ ਕੌਰ ਦੀ ਗ਼ਜ਼ਲ ਦਾ ਨਾਰੀ ਪ੍ਰਵਚਨ ਪਿਤਰੀ ਸੱਤਾ ਦੇ ਦਮਨਕਾਰੀ ਰਵੱਈਏ ਤੋਂ ਔਰਤ ਦੀ ਸੁਤੰਤਰ ਹੋਂਦ ਤਲਾਸ਼ਦਾ ਹੈ। ਉਸਦੀ ਇਸ਼ਕੀਆ ਸ਼ਾਇਰੀ ਨੂੰ ਬੁਜ਼ਦਿਲਾਂ ਜਿਹੀ ਆਸ਼ਕੀ ਨਹੀਂ ਭਾਉਂਦੀ। ਭਾਵੇਂ ਖਿਆਲ ਦੀ ਸੂਖਮਤਾ ਘੱਟ ਹੈ ਪਰ ਇਸ ਸ਼ਾਇਰੀ ਕੋਲ ਇੱਕੋ ਵੇਲੇ ਅਨੇਕ ਫਿਕਰ ਹਨ। ਵਿਦੇਸ਼ ਰਹਿੰਦੀ ਕੁਲਜੀਤ ਪੰਜਾਬ ਬਾਰੇ ਫਿਕਰਮੰਦ ਹੈ। ਪੰਜਾਬ ਦਾ ਦਰਦ ਉਸ ਦੀ ਸ਼ਾਇਰੀ ਵਿੱਚ ਜਦੋਂ ਰੂਪਾਂਤਰਨ ਹੁੰਦਾ ਹੈ ਤਾਂ ਹਾਸ਼ੀਆਗਤ ਧਿਰਾਂ ਨਾਲ ਹਮਦਰਦੀ, ਸੱਤਾ ਦੀਆਂ ਸਾਜ਼ਿਸਾਂ ਅਤੇ ਭਰਮਾਉ ਪ੍ਰਪੰਚਾਂ ਪ੍ਰਤਿ ਬਗਾਵਤੀ ਸੁਰ, ਸਿੱਖ ਪੰਜਾਬ ਦਾ ਦਰਦ ਅਤੇ ਡੇਰਾਵਾਦ ਦੇ ਪ੍ਰਤਿਰੋਧੀ ਪ੍ਰਵਚਨ ਦਾ ਦ੍ਰਿਸ਼ ਉੱਭਰਦਾ ਹੈ। ਆਸ਼ਾਵਾਦੀ ਨਜ਼ਰੀਏ ਤੋਂ ਉਹ ਆਪਣੇ ਪ੍ਰਵਚਨ ਨੂੰ ਉਸਾਰਦੀ ਉਪਭੋਗਵਾਦੀ ਸੱਭਿਆਚਾਰ ਤੇ ਤਨਜ਼ ਵੀ ਕਸਦੀ ਹੈ ਅਤੇ ਆਪਣੀ ਉਸਾਰੂ ਪਹੁੰਚ ਤੋਂ ਨਵੀਆਂ ਦਿਸ਼ਾਵਾਂ ਦੀ ਸੰਕੇਤਕ ਪੇਸ਼ਕਾਰੀ ਵੀ ਕਰਦੀ ਹੈ। ਉਸ ਕੋਲ ਭਾਸ਼ਾਈ ਜੁਗਲਬੰਦੀ ਨਹੀਂ ਸਗੋ ਆਵਾਮ ਦਾ ਪ੍ਰਵਚਨ ਆਵਾਮ ਦੀ ਭਾਸ਼ਾ ਰਾਹੀਂ ਰੂਪਮਾਨ ਹੋਇਆ ਹੈ। ਬੰਦੇ ਅੰਦਰ ਖਤਮ ਹੋ ਰਹੀ ਬੰਦਿਆਈ ਨੂੰ ਅਤੇ ਸਿੱਖ ਦੇ ਸਿੱਖੀ ਤੋਂ ਦੂਰ ਹੋਣ ਦੇ ਫਿਕਰ ਨੂੰ ਉਹ ਰੋਂਦੂ ਭਾਸ਼ਾ 'ਚ ਨਹੀਂ ਬਲਕਿ 'ਹੌਸਲੇ ਉੱਚੇ ਜਿੰਨ੍ਹਾਂ ਦੇ ਸਿੱਖ ਨੇ ਸ਼ੇਰਾਂ ਜਿਹੇ, ਅਣਖ ਸੰਗ ਮਰਦੇ ਜਿਊਂਦੇ ਭਾਲਦੇ ਨਾ ਆਸਰੇ' ਵਰਗੇ ਮੁਹਾਵਰੇ ਰਾਹੀਂ ਰੂਪਮਾਨ ਕਰਦੀ ਹੈ। ਭਾਵੇਂ ਇਹ ਸਮਕਾਲੀ ਗ਼ਜ਼ਲ ਦੇ ਖਿਆਲ ਨੂੰ ਅਗਾਂਹ ਨਹੀਂ ਤੋਰਦੀ ਪਰ ਇਸ 'ਫਿਕਰ ਦੀ ਸ਼ਾਇਰੀ' ਨੂੰ ਜੀ ਆਇਆ ਕਹਿਣਾ ਬਣਦਾ ਹੈ।


ਡਾ. ਗੁਰਦੀਪ ਸਿੰਘ ਢਿੱਲੋਂ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਗੁਰੂ ਨਾਨਕ ਕਾਲਜ ਬੁਢਲਾਡਾ।

## ‘ਗ਼ਜ਼ਲ’ ਨੂੰ ਛੋਟੀ ਬਹਿਰ ਕਹਿਣ ਦੀ ਜਾਂਚ ਆਉਂਦੀ ਹੈ।

ਕੁਲਜੀਤ ਕੌਰ ਗਜ਼ਲ ਸਰਬੱਤ ਦਾ ਭਲਾ ਲੋਚਦੀ ਹੋਈ ਸਿੰਘਾਸਣੀ ਲੋਟੂ-ਨੀਤੀਆਂ ਨੂੰ ਕੋਸਦੀ ਹੈ। ਉਸਦੀ ਕਾਵਿ-ਕਲਮ ਡੇਰਾਵਾਦ, ਧਾਰਮਿਕ ਅਡੰਬਰ, ਪਖੰਡਵਾਦ ‘ਤੇ ਕਰਾਰੀ ਚੋਟ ਕਰਦੀ ਹੈ। ਦਹਿਸ਼ਤਵਾਦ ਖ਼ਿਲਾਫ਼ ਆਵਾਜ਼ ਬੁਲੰਦ ਕਰਦੀ ਹੈ। ਲਹਿੰਦੇ ਚੜ੍ਹਦੇ ਪੰਜਾਬ ਦੇ ਪਿਆਰ ਦੀ ਬਾਤ ਪਾਉਂਦੀ ਹੈ

‘ਗ਼ਜ਼ਲ’ ਦੇਸ਼ ਅੰਦਰ ਰੁਲ ਰਹੀ ਜਵਾਨੀ-ਕਿਸਾਨੀ, ਜ਼ਮੀਰ ਲਈ ਮਰ ਰਹੀ ਜ਼ਮੀਰ, ਬਾਜ਼ਾਰਵਾਦ ਦੇ ਦੌਰ ‘ਚ ਖੁਰ ਰਹੀਆਂ ਨੈਤਿਕ ਕਦਰਾਂ-ਕੀਮਤਾਂ, ਖੇਰੂੰ-ਖੇਰੂੰ ਹੋ ਰਹੇ ਰਿਸ਼ਤੇ-ਨਾਤਿਆਂ, ਸਰਕਾਰਾਂ-ਸ਼ਾਹੂਕਾਰਾਂ ਦੇ ਲਾਲਚੀ ਸਬੰਧਾਂ ਆਦਿ ਨੂੰ ਸ਼ੁੱਧ ਕਾਵਿ-ਵਿਸ਼ਿਆਂ ਵਜੋਂ ਪੇਸ਼ ਕਰਦੀ ਹੈ। ਉਸਨੂੰ ਜਵਾਂ ਦਿਲ ਦੀਆਂ ਜਵਾਨ ਤਰੰਗਾਂ ਦਾ ਵੀ ਖਿਆਲ ਹੈ। ਇਸ ਲਈ ਉਹ ਹੁਸਨ, ਇਸ਼ਕ, ਬੇਵਫ਼ਾਈ ਆਦਿ ਨੂੰ ਕਵਿ-ਸਿਰਜਣਾ ਦਾ ਹਿੱਸਾ ਬਣਾਉਂਦੀ ਹੈ

‘ਗ਼ਜ਼ਲ’ ਵਿਧਾ ਵਿੱਚ ਤਕਨੀਕੀ ਬੰਖੇਜ਼ਾਂ ਦਾ ਉਚੇਰਾ ਖ਼ਿਆਲ ਰੱਖਿਆ ਜਾਂਦਾ ਹੈ। ਪਰ ਕੁਲਜੀਤ ਕੌਰ ਗ਼ਜ਼ਲ ਨੇ ਤਕਨੀਕੀ ਖੁੱਲ੍ਹ ਵੀ ਲਈ ਹੈ। ਉਸ ਨੂੰ ਛੋਟੀ ਬਹਿਰ ਕਹਿਣ ਦੀ ਜਾਂਚ ਆਉਂਦੀ ਹੈ।

ਗ਼ਜ਼ਲ ਨਾਲ ਉਸ ਦਾ ਕਿੰਨਾ ਕੁ ਲਗਾਓ ਹੈ। ਇਸ ਦਾ ਅੰਦਾਜ਼ਾ ਉਸ ਦੇ ਨਾਂ ਨਾਲ ਲੱਗੇ ਤਖੱਲਸ ਤੋਂ ਵੀ ਲਗਾਇਆ ਜਾ ਸਕਦਾ ਹੈ।

ਕੁਲਜੀਤ ਕੌਰ ਗ਼ਜ਼ਲ ਦੀਆਂ ਅਗਲੇਰੀਆਂ ਰਚਨਾਵਾਂ ਵਿੱਚ ਹੋਰ ਨਿਖਾਰ ਆਵੇਗਾ। ਇਹ ਪੂਰਨ ਉਮੀਦ ਹੈ ਇਹ ਆਸ ਨਾਲ ਕੁਲਜੀਤ ਕੌਰ ਗ਼ਜ਼ਲ ਦੀ ਕਾਵਿ-ਰਚਨਾ ਨੂੰ ਮੁਬਾਰਕਬਾਦ ਕਹਿਣਾ ਬਣਦਾ ਹੈ

-ਡਾ. ਚੰਦਰ ਪ੍ਕਾਸ਼

## ਤਤਕਰਾ


'ਇਹ ਪਰਿੰਦੇ ਸਿਆਸਤ ਨਹੀਂ ਜਾਣਦੇ' ਦੀ ਰਚਨਾ-ਦ੍ਰਿਸ਼ਟੀ 06

ਕੁਝ ਗੱਲਾਂ -ਮੇਰੇ ਵੱਲੋਂ 08

ਇਸ 'ਫਿਕਰ ਦੀ ਸ਼ਾਇਰੀ' ਨੂੰ ਜੀ ਆਇਆ 11

'ਗ਼ਜ਼ਲ' ਨੂੰ ਛੋਟੀ ਬਹਿਰ ਕਹਿਣ ਦੀ ਜਾਂਚ ਆਉਂਦੀ ਹੈ। 12

- ਹਰ ਇੱਕ ਦਾ ਭਲਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ 16
- ਜਿੱਤ ਕੇ ਵੀ ਹਰ ਜਾਵਣ ਨੂੰ ਜੀਅ ਕਰਦਾ ਹੈ 18
- ਬਿਸ਼ਕ ਅਰਸ਼ਾਂ ਦੇ ਤਾਰੇ ਹਾਂ , ਐਪਰ ਟੁੱਟਣ ਕਿਨਾਰੇ ਹਾਂ 20
- ਜਿੰਨਾ ਵੀ ਦਿਲ ਦੇ ਤੁਸੀਂ ਨਜਦੀਕ ਰਹਿ ਕੇ ਜਾਉਗੇ 21
- ਤੂੰ ਦਹਿਸ਼ਤਗਰਦਾ ਹਰ ਘਰ ਨੂੰ ਹੈ ਖੰਡਰ ਬਣਾ ਦਿੱਤਾ 22
- ਅੱਜ ਅੱਖਾਂ ਦੀਦ ਨੂੰ ਫਿਰ ਤਰਸੀਆਂ 24
- ਨਾ ਸੁੱਕਦਾ ਹੈ ਨਾ ਮੁੱਕਦਾ ਹੈ , ਤੇ ਜਲ ਕੇ ਵੀ ਨਾ ਜਲਦਾ ਹੈ 26
- ਬੇਵਫ਼ਾ ਸੰਗ ਦਿਲਲਗੀ ਚੰਗੀ ਨਹੀ ਹੈ 27
- ਇਸ ਤਰਾਂ ਦੇ ਵੀ ਮਿਲੇ ਸਨ ਜ਼ਿੰਦਗੀ ਨੂੰ ਹਾਦਸੇ 28
- ਜਦੋਂ ਸੱਚ ਨੰਗਾ ਹੁੰਦਾ ਹੈ ਸਿੰਘਾਸਣ ਡੋਲ ਜਾਂਦੇ ਨੇ 29
- ਸੋਗ ਫਿਜ਼ਾਵਾਂ , ਹੌਕੇ ਹਾਵਾਂ , ਹੋਣ ਮੇਰਾ ਸਿਰਨਾਵਾਂ 31
- ਛੱਡ ਦੇ ਮੇਰੀ ਮੇਰੀ , ਮੈਂ ਤੋਂ ਤੂੰ ਹੋ ਜਾਹ 32
- ਦੌਲਤ ਨਹੀਂ ਮੰਗਦੀ ਕੋਈ ਮੈਨੂੰ ਤੂੰ ਆਪਣਾ ਨਾਂ ਦਵੀਂ 34
- ਸੱਚ ਕੋਲੋਂ ਝੂਠ ਦੀ ਇਕ ਚੋਣ ਨਾ ਜਿੱਤੀ ਗਈ 35
- ਖ਼ੁਦਾ ,ਸਰਕਾਰ , ਸ਼ਾਹੂਕਾਰ ਸਾਰੇ ਸੌਂ ਗਏ ਨੇ 36
- ਸੁਣ ਦਿਲਾ   ਦਿਲਦਾਰ ਨੂੰ ਅਜ਼ਮਾ ਕੇ ਤਾਂ ਵੇਖੀਂ ਕਦੇ !37
- ਇਹ ਵੀ ਕੀਹ ਸਰਕਾਰਾਂ ਨੇ 39
- ਵਿਚਾਲੇ ਤਣ ਗਿਆ ਬਾਡਰ ,ਤੁਸੀਂ ਓਧਰ ਅਸੀਂ ਏਧਰ 41
- ਉਹ ਸੁਹਣੇ , ਹੋਰ ਸੁਹਣੇ , ਹੋਰ ਸੁਹਣੇ ਹੋ ਗਏ ਨੇ 43
- ਇਹ ਇਸ਼ਕ ਵੀ ਕੀ ਚੀਜ਼ ਹੈ 44
- ਲਾਟ ਜਲਦੀ ਨੂੰ ਜਲਾਓ ਰਾਤ ਭਰ 45

- 'ਤੇ ਤੂੰ ਸਾਨੂੰ ਅਪਣਾਉਣਾ ਨਹੀਂ 46
- ਇਸ਼ਟ ਦੇ ਦੁਆਲੇ ਤਾਂ ਪਹਿਲਾਂ ਨਾਰ ਨਾਲ ਲੈਂਦੇ ਨੇ ਲਾਵਾਂ 47
- ਜਕੜੀ ਹੈ ਜਿਸਨੇ ਜਿੰਦ ਸੱਜਣਾ, ਉਹ ਉਲਫ਼ਤ ਦੀ ਜੰਜ਼ੀਰ ਏਂ ਤੂੰ 48
- ਅਸੀਂ ਸ਼ੌਕੀਨ ਮਿੱਠੇ ਦੇ ਮਿਠਾਈਆਂ ਖਾ ਲਿਆ ਸਾਨੂੰ 50
- ਦੱਸ ਕੀਹਦੇ ਮੋਢੇ ਤੇ ਸਿਰ ਧਰ ਕੇ ਮੈਂ ਰੋਇਆ ਕਰਾਂ 51
- ਮੈਂ ਬਹਿ ਗਈ ਹਾਂ ਹਾਰ ਕੇ ਨੈਣਾ ਨੂੰ ਗਾਲ ਕੇ 52
- ਪਿਆਰ ਉਹ ਜਿਸਦੇ ਨਾਲ ਕਰੇਗਾ53
- ਆਤਮਾ ਪਰਮਾਤਮਾ ਕੁਦਰਤੀ ਰਹੱਸ ਹੈ 54
- ਤੇਰੇ ਦੇਸ਼ ਵਿੱਚ ਕੱਲੀ ਜਾਨ ਪਰਾਈ ਹਾਂ 55
- ਨਾ ਰੱਬ ਮੰਦਰੀਂ, ਨਾ ਰੱਬ ਮੱਕੇ 57
- ਇਸ਼ਕ ਦੇ ਰਾਹੇ ਪੈਰ ਧਰੀਂ ਨਾ 59
- ਸੱਜਣਾ ਐਸੀ ਬੋਲੀ ਮਾਰੀ ਕਰਕੇ ਤਰੇੜ੍ਹੋ ਤਰੇੜ ਗਏ ਨੇ -60
- ਤੱਤੀਆਂ ਵਗਣ ਹਵਾਵਾਂ ਤੇਰੇ ਸ਼ਹਿਰ ਅੰਦਰ 61
- ਮੁਹੱਬਤ ਦੌਲਤਾਂ ਸਿਰ ਤੇ ਕਦੇ ਮਿਲਦੀ ਨਹੀਂ ਹੁੰਦੀ 63
- ਤੇਰੀ ਦੀਵਾਨੀ ਹਾਂ ਪਰਖੀਂ ਤੂੰ ਪਿਆਰ ਮੇਰਾ 65
- ਚੋਗ ਚੁਗਦੇ ਹੀ ਪਿੰਜਰੇ 'ਚ ਫਸ ਜਾਣਗੇ, ਇਹ ਪਰਿੰਦੇ ਸਿਆਸਤ ਨਹੀਂ ਜਾਣਦੇ 66
- ਤੇਰੇ ਮੱਥੇ 'ਤੇ ਜੋ ਤਿਲ ਹੈ 68
- ਆਪ ਬਿਗਾਨੀ ਦੇ ਸੰਗ ਮੌਜਾਂ ਰੋਜ਼ ਉਡਾਉਂਨਾਂ ਏਂ 69
- ਤੁਰੇ ਹਾਂ ਤਾਂ ਆਪਾਂ ਵੀ ਪੁੱਜਣਾ ਜ਼ਰੂਰ 70
- ਦਿਲ ਦੇ ਟੁੱਟੇ ਟੁਕੜੇ ਲੈ ਕੇ ਜੰਮਣ ਭੌਂ ਨੂੰ ਛੱਡ ਆਏਂ ਹਾਂ 71
- ਮਤਲਬੀ ਨੇ ਮੰਤਰੀ ਤੇ ਮਤਲਬੀ ਸਰਕਾਰ ਹੈ, ਬਈ 72
- ਦੋਹਾਂ ਦੀ ਚੰਗੀ ਜੇ ਤਕਦੀਰ ਹੁੰਦੀ 73
- ਜਦੋਂ ਬਦਹਕੂਮਤ ਹਕੂਮਤ ਕਰੂਗੀ 75
- ਤੇਰੇ ਘਰ ਤੋਂ ਜਦ ਵੀ ਆਣਾ ਪੈਂਦਾ ਹੈ 77
- ਨਾ ਮੇਰੀ ਸਰਕਾਰ  ਨਾ ਕਰ !79
- ਮੇਰੇ ਹੌਕੇ ਦੀ ਅੱਗ ਏਨੀ ਕਿ ਪਾਣੀ ਨੂੰ ਜਲਾ ਦੇਵੇ81

- ਤੇਰੇ ਦਿਲ ਤੋਂ ਲਹਿ ਜਾਵਾਂਗੇ ਹੌਲੀ ਹੌਲੀ-82
- ਆਪਾਂ ਜੋ ਸੌਂਹਾਂ ਖਾਧੀਆਂ ਤੂੰ ਫੋਕੀਆਂ ਨਾ ਜਾਣ ਵੇ 83
- ਚੜ੍ਹ ਗਿਆ ਜ਼ਹਿਰ ਸਾਰੇ ਦਾ ਸਾਰਾ 85
- ਏਧਰ ਆ 86
- ਸਾਡੇ ਨਾਲ ਜਿਉਂਇਆ ਕਰਦੇ ਸਨ, ਸਾਡੇ ਨਾਲ ਮਰਿਆ ਕਰਦੇ ਸਨ 88
- ਮੇਰੀ ਕਿਸਮਤ ਹੀ ਚੰਗੀ ਹੈ ਜਾਂ ਫਿਰ ਕੁਦਰਤ ਦਾ ਗੱਫਾ ਹੈ 90
- ਮਾਰ ਤੇਰੇ ਹਿਜਰ ਦੀ ਝਲਦੀ ਰਹੀ 91
- ਮੈਂ ਹੱਦਾਂ ਤੋੜ ਕੇ ਜੇ ਪਾਰ ਜਾਵਾਂ ਤਾਂ ਸਜ਼ਾ ਦੇਵੀਂ 92
- ਜੇ ਯਾਰ ਮੇਰੇ ਕਰੀਬ ਹੁੰਦਾ 93
- ਜਖ਼ਮ ਹੀ ਜਖ਼ਮ ਨੇ ਦਰਦ ਹੀ ਦਰਦ ਹੈ 94
- ਰਾਤਾਂ ਨੂੰ ਮੈਨੂੰ ਰੋਂਦਿਆਂ ਜਦ ਵੇਖਿਆ ਤਾਂ ਰੋ ਪਏ 96
- ਖੁਸ਼ੀ ਨਾ ਮੈਥੋਂ ਸਹਾਰ ਹੋਵੇ, ਨਾ ਗ਼ਮ ਹੀ ਕੋਈ ਸਹਾਰ ਹੋਵੇ 97
- ਯਾਦ ਤੇਰੀ ਫਿਰ ਹੈ ਆਈ, ਰਹਿਮ ਕਰ 98
- ਸਜਾ ਵੀ ਕੋਈ ਤੂੰ ਸੁਣਾਈ ਨਹੀਂ ਹੈ 99
- ਜਦ ਕਦੇ ਰੁੱਖਾਂ 'ਤੇ ਪੰਛੀ ਚਹਿਚਿਹਾਇਆ ਕਰਨਗੇ 101
- ਹਵਾਏ ਯਾਰ ਨੂੰ ਕਹਿਣਾ ਕਿ ਮੇਰਾ ਜੀਅ ਨਹੀਂ ਲਗਦਾ !102
- ਅੱਖਾਂ ਦੇ ਵਿੱਚ ਲਾਲੀ ਹੈ 103
- ਜੇ ਦੁਨੀਆਂ ਸਾਥ ਛੱਡ ਜਾਵੇ ਤਾਂ ਮੈਨੂੰ ਯਾਦ ਕਰ ਲੈਣਾ 104

## 1
## ਹਰ ਇੱਕ ਦਾ ਭਲਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ

ਹਰ ਇੱਕ ਦਾ ਭਲਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।
ਕੋਈ ਅੱਖ ਨਮ ਨਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

ਅਸੀਂ ਔਲਾਦ ਹਾਂ ਇੱਕ ਦੀ ਰਗਾਂ ਵਿੱਚ ਖ਼ੂਨ ਇੱਕੋ ਹੈ ,
ਇਹ ਸਭ ਨੂੰ ਹੀ ਪਤਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

ਕਿੰਵੇ ਜਲ, ਥਲ , ਹਵਾ ਤਿੰਨੇ ਮੈਦਾਨੇ ਜੰਗ ਬਣ ਗਏ ਨੇ ,
ਨਾ ਦੁਨੀਆਂ ਇੰਝ ਫ਼ਨਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

ਇਹ ਜੱਗ ਵਾਲੀ ਬਗੀਚੀ ਵਿੱਚ ਬਹੁਰੰਗੇ ਫੁੱਲ ਖਿਲੇ ਹੋਵਣ ,
ਤੇ ਗੁਲਸ਼ਨ ਮਹਿਕਦਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

ਇਹ ਯੁਧ ਕਾਲੇ ਤੇ ਗੋਰੇ ਦਾ ਤੇ ਯੱਬ ਵੀਜ਼ੇ ਕਰੰਸੀ ਦਾ ,
ਇਹਨਾ ਦਾ ਖਾਤਮਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

ਨਾ ਤੇਰਾ ਹੀ ਨਾ ਮੇਰਾ ਹੀ ਨਾ ਇਸਦਾ,  ਤੇ ਨਾ ਉਸਦਾ ਹੀ ,
ਤੇ ਬਸ ਰੱਬ ਦਾ ਹੀ ਨਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

ਸਦਾ ਲਈ ਮਿਟ ਜਾਏ ਪਾੜਾ , ਅਮੀਰੀ ਤੇ ਗਰੀਬੀ ਦਾ ,
ਬਰਾਬਰ ਹੱਕ ਅਦਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

ਕੀ ਕਰਨਾ ਹਥਕੜੀ ਨੂੰ , ਤੇ ਕਚਹਿਰੀ ਠਾਣੇ ਕੀ ਕਰਨੇ ,
ਜੁਰਮ ਨਾ ਹੀ ਸਜ਼ਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

ਬਿਮਾਰੀ ਨਾ ਤੜਫ਼ ਕੋਈ ਮਰੇ ਨਾ ਮੌਤ ਅਣਆਈ ,
ਦੁਆ ਹੀ ਬਸ ਦਵਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

ਮਿਲੇ ਸਭ ਨੂੰ ਬਰਾਬਰ ਹੀ ਮਕਾਂ, ਕੱਪੜਾ ,ਹਵਾ , ਰੋਟੀ ,
ਨਾ ਵਧ ਕੇ ਲਾਲਸਾ ਹੋਵੇ , ਮੈਂ ਦਾਤੇ ਤੋਂ ਦੁਆ ਮੰਗਾਂ ।।

**2.**

## ਜਿੱਤ ਕੇ ਵੀ ਹਰ ਜਾਵਣ ਨੂੰ ਜੀਅ ਕਰਦਾ ਹੈ

ਜਿੱਤ ਕੇ ਵੀ ਹਰ ਜਾਵਣ ਨੂੰ ਜੀਅ ਕਰਦਾ ਹੈ ।
ਬਿਨ ਮੌਤੇ ਮਰ ਜਾਵਣ ਨੂੰ ਜੀਅ ਕਰਦਾ ਹੈ ।।

ਧੱਕੇ, ਧੋਖੇ, ਜ਼ਖਮ ਬਥੇਰੇ ਖਾ ਲਏ ਨੇ ,
ਹੁਣ ਮੇਰਾ ਘਰ  ਜਾਵਣ ਨੂੰ ਜੀਅ ਕਰਦਾ ਹੈ ।।

ਰੱਬੋਂ ਜੱਗੋਂ ਉੱਚੇ ਤੇਰੇ ਪਿਆਰ ਲਈ ,
ਹਰ ਮੁਸ਼ਕਿਲ ਜਰ ਜਾਵਣ ਨੂੰ ਜੀਅ ਕਰਦਾ ਹੈ ।।

ਤੂੰ ਸਾਗਰ ਹੈਂ , ਮੈਂ ਕੰਢੇ ਦੀ ਮਿੱਟੀ ਹਾਂ ,
ਮਿੱਟੀ ਦਾ ਖ਼ਰ ਜਾਵਣ ਨੂੰ ਜੀਅ ਕਰਦਾ ਹੈ ।।

ਕਸਮ, ਅਸੂਲਾਂ, ਵਾਅਦੇ, ਜ਼ਿਦ ਨੂੰ ਤੋੜ ਦਿਆਂ ,
ਹੁਣ ਕੁਝ ਵੀ ਕਰ ਜਾਵਣ ਨੂੰ ਜੀਅ ਕਰਦਾ ਹੈ ।।

ਤੇਰੇ ਬਾਝੋਂ ਚੰਦਰੇ ਜੀਅ ਨੂੰ ਕਿੰਝ ਕਹਾਂ ?
ਸਚ ਮੁਚ ਹੀ ਮਰ ਜਾਵਣ ਨੂੰ ਜੀਅ ਕਰਦਾ ਹੈ ।।

ਖ਼ਾਅਬਾਂ , ਸਧਰਾਂ , ਤੇ ਚਾਵਾਂ ਦੀ ਕਬਰ ਉੱਤੇ ,
ਅੱਖੀਆਂ ਦਾ ਵਰ੍ਹ ਜਾਵਣ ਨੂੰ ਜੀਅ ਕਰਦਾ ਹੈ ।।

ਪੈਰੀਂ ਚੜ ਗਏ ਬਿਨ ਮੰਜ਼ਿਲ ਦਿਆਂ ਰਾਹਾਂ ਤੋਂ ,
ਕਦੇ ਕਦੇ ਡਰ ਜਾਵਣ ਨੂੰ ਜੀਅ ਕਰਦਾ ਹੈ ।।

ਇੰਝ ਟੁੱਟੀ ਕੇ ਮਾਰ ਹਾਂ  ਇੱਕੋ ਹੌਂਕੇ ਦੀ ,
ਇੱਕ ਹੌਂਕਾ ਭਰ ਜਾਵਣ ਨੂੰ ਜੀਅ ਕਰਦਾ ਹੈ ।।

ਐਨਾ ਗ਼ਮ ਦੇਵੋ ਕੇ ਖ਼ਾਲੀ ਕੁਝ ਨਾ ਰਹੇ ,
ਨੱਕੋ -ਨੱਕ ਭਰ ਜਾਵਣ ਨੂੰ ਜੀਅ ਕਰਦਾ ਹੈ ।।

**3.**

## ਬਿਸ਼ਕ ਅਰਸ਼ਾਂ ਦੇ ਤਾਰੇ ਹਾਂ , ਐਪਰ ਟੁੱਟਣ ਕਿਨਾਰੇ ਹਾਂ

ਬਿਸ਼ਕ ਅਰਸ਼ਾਂ ਦੇ ਤਾਰੇ ਹਾਂ , ਐਪਰ ਟੁੱਟਣ ਕਿਨਾਰੇ ਹਾਂ ।
ਤੇਰੀ ਉਲਫ਼ਤ ਦੇ ਮਾਰੇ , ਅਜੇ ਤੀਕਰ ਕੁਆਰੇ ਹਾਂ ।।

ਇਹ ਜਿੰਦ ਦੇ ਜਾਣ ਤੋਂ ਪਹਿਲਾਂ  ਸਾਨੂੰ ਭੁੱਲ ਜਾਣ ਤੋਂ ਪਹਿਲਾਂ ,
ਜੀਹਨੂੰ ਚਾਹੇ ਤੂੰ ਪੁੱਛ ਵੇਖੀਂ , ਅਸੀਂ ਕਿੰਨੇ ਕੁ ਪਿਆਰੇ ਹਾਂ ।।

ਤੈਨੂੰ ਪਾਵਣ ਲਈ ਹਰ ਸਾਹ ਅਸੀਂ ਦਾਅ ਤੇ ਲਗਾ ਦਿੱਤਾ ,
ਤਪੱਸਵੀ ਹਾਂ ਮੁਹੱਬਤ ਦੇ ਤੇ ਬਸ ਕਰਮਾਂ ਦੇ ਮਾਰੇ ਹਾਂ ।।

ਇੰਵੇਂ ਦੌੜੇ ਤੇਰੇ ਪਿੱਛੇ ਕਿ ਦਮ ਵਿੱਚ ਦਮ ਨਹੀਂ ਆਉਂਦਾ ,
ਅਜੇ ਚਾਹ ਪਾਉਣ ਦੀ ਤੈਨੂੰ , ਬੇਸ਼ੱਕ ਥੱਕੇ ਤੇ ਹਾਰੇ ਹਾਂ ।।

ਤੂੰ ਆਸ਼ਕ ਸੀ ਤਾਂ ਹੁੰਦੇ ਸਾਂ , ਅਸੀਂ ਹੀਰੇ ਕਦੇ ਮੋਤੀ ,
ਜਦੋਂ ਦਾ ਬਣ ਗਿਓਂ ਜੌਹਰੀ , ਅਸੀਂ ਵੀ ਗਏ ਵਿਸਾਰੇ ਹਾਂ ।।

ਕਿਸੇ ਦੀ ਜਾਨ ਲੈ ਸਕਦਾ ਹੈ ਸਾਡਾ ਟੁੱਟਣਾ ਛੁੱਪਣਾ ,
ਅਸੀਂ ਸੁਰ੍ਮੀਲੀਆਂ ਤੇ ਗਹਿਰੀਆਂ ਅੱਖਾਂ ਦੇ ਤਾਰੇ ਹਾਂ ।।

ਤੇਰੇ ਇਸ ਸ਼ਹਿਰ ਵਿੱਚ ਸਾਨੂੰ ਹੈ ਖ਼ਤਰਾ ਵੀ , ਸੁਰੱਖਿਆ ਵੀ ,
ਕੋਈ ਜਿੰਦ ਲੈਣ ਨੂੰ ਫਿਰਦਾ , ਕਿਸੇ ਨੂੰ ਜਾਨੋਂ ਪਿਆਰੇ ਹਾਂ ।।

**4**
## ਜਿੰਨਾ ਵੀ ਦਿਲ ਦੇ ਤੁਸੀਂ ਨਜਦੀਕ ਰਹਿ ਕੇ ਜਾਉਗੇ

ਜਿੰਨਾ ਵੀ ਦਿਲ ਦੇ ਤੁਸੀਂ ਨਜਦੀਕ ਰਹਿ ਕੇ ਜਾਉਗੇ ,
ਦਿਲ ਦੇ ਉੱਤੇ ਓਨਾ ਗਹਿਰਾ ਜ਼ਖਮ ਲੈ ਕੇ ਜਾਉਗੇ ||

ਆਪਦਾ ਦੇ ਮੇਰਾ ਰਿਸ਼ਤਾ ਇਸ ਤਰਾਂ ਦਾ ਹੋ ਗਿਆ ,
ਤੋੜੋ ਜੇ ਦਿਲ ਦੁਆਵਾਂ ਹੀ ਤਾਂ ਲੈ ਕੇ ਜਾਉਗੇ ||

ਆਪਣੇਪਨ ਦੀ ਤੜਪ ਇਹ ਦਿਲ ਤੋਂ ਕਦੇ ਜਾਂਦੀ ਨਹੀਂ ,
ਯਾਦ ਆਉਗੇ ਬਹੁਤ ਆਪਣਾ ਜੋ ਕਹਿ ਕੇ ਜਾਉਗੇ ||

ਇਸ ਜਗਾਹ ਤਾਂ ਛਲ ਤੇ ਧੋਖਾ , ਝੂਠ ਤੇ ਲਾਲਚ ਹੈ ਬਸ ,
ਐਥੋਂ ਜਦ ਵੀ ਜਾਉਗੇ ਇਹੋ ਕੁਝ ਲੈ ਕੇ ਜਾਉਗੇ ||

ਖੂਨ ਵਾਂਗਰ ਫਿਰਦੇ ਹੋ ਮੇਰੀ ਹਰ ਇੱਕ ਰਗ- ਰਗ ਦੇ ਵਿੱਚ
ਦੂਰ ਜਦ ਵੀ ਜਾਓਗੇ ਤਾਂ ਜਾਨ ਲੈ ਕੇ ਜਾਉਗੇ ||

ਇਹ ਸੁਲਘਦੀ ਅੱਗ ਸਭ ਨੂੰ ਰਾਖ ਕਰ ਦੇਗੀ 'ਗ਼ਜ਼ਲ ',
ਲੰਘਦਿਆਂ ਜੇ ਇਸਦੇ ਪੱਲੇ ਨਾਲ ਖਹਿ ਕੇ ਜਾਉਗੇ ||

## 5.
## ਤੂੰ ਦਹਿਸ਼ਤਗਰਦਾ ਹਰ ਘਰ ਨੂੰ ਹੈ ਖੰਡਰ ਬਣਾ ਦਿੱਤਾ

ਤੂੰ ਦਹਿਸ਼ਤਗਰਦਾ ਹਰ ਘਰ ਨੂੰ ਹੈ ਖੰਡਰ ਬਣਾ ਦਿੱਤਾ
ਤੂੰ ਪੈਨਸਿਲ ਦੀ ਜਗ੍ਹਾ ਬੱਚਿਆਂ ਲਈ ਖੰਜਰ ਬਣਾ ਦਿੱਤਾ ||

ਮੇਰੇ ਸੱਜਣਾ ਬਣਾ ਦਿੱਤਾ ਜੋ ਦਿਲ ਦਾ ਹਾਲ ਕੀ ਦੱਸਾਂ ,
ਕਦੇ ਬਿਹਤਰ ਬਣਾ ਦਿੱਤਾ ਕਦੇ ਬਦਤਰ ਬਣਾ ਦਿੱਤਾ ||

ਕਦੇ ਤੂੰ ਚੁੰਮਿਆਂ ਮੈਨੂੰ , ਕਦੇ ਅਣਗੌਲਿਆ ਕੀਤਾ ,
ਕਦੇ ਹੀਰਾ ਬਣਾ ਦਿੱਤਾ , ਕਦੇ ਕੰਕਰ ਬਣਾ ਦਿੱਤਾ ||

ਫਰਸ਼ ਤੋਂ ਅਰਸ਼ ਕਰ ਦਿੱਤਾ ਤੇਰੀ ਇੱਕ ਛੋਹ ਨੇ ਮੈਨੂੰ ,
ਮੇਰੀ ਕਤਰੇ ਜਿਹੀ  ਹਸਤੀ ਨੂੰ ਤੂੰ ਸਾਗਰ ਬਣਾ ਦਿੱਤਾ ||

ਕਦੇ ਤੂੰ ਓੜ੍ਹਿਆ ਸਾਨੂੰ ,ਕਦੇ ਮਿੱਟੀ ਦੇ ਵਿੱਚ ਮਿੱਟੀ ,
ਕਦੇ ਚਾਦਰ ਬਣਾ ਦਿੱਤਾ , ਕਦੇ ਕਾਤਰ ਬਣਾ ਦਿੱਤਾ ||

ਨਾ ਸੁੱਤੀ ਪਿਆਸ ਹੀ ਜਾਗੀ ਨਾ ਕੋਈ ਆਸ ਫਿਰ ਉੱਗੀ ,
ਤੂੰ ਪਾਸਾ ਵੱਟ ਕੇ ਜਰਖੇਜ਼ ਦਿਲ ਬੰਜਰ ਬਣਾ ਦਿੱਤਾ ||

ਜੋ ਇੱਕ ਦੂਜੇ ਲਈ ਕੱਲ ਤੱਕ ਮਸੀਹੇ ਸੀ ਭਰਾ- ਭਾਈ ,
ਕਿ ਅੱਜ ਸਰਹੱਦ ਨੇ ਦੋਹਾਂ ਨੂੰ ਹੀ ਕਾਫ਼ਰ ਬਣਾ ਦਿੱਤਾ ||

ਤੇਰੇ ਭਗਤਾਂ ਤੇਰੇ ਲੋਕਾਂ ਨੂੰ ਹੁਣ ਠੱਗਣ ਲਈ ਰੱਬਾ ,
ਕਿਤੇ ਮਸਜਿਦ ਬਣਾ ਦਿੱਤੀ , ਕਿੱਤੇ ਮੰਦਿਰ ਬਣਾ ਦਿੱਤਾ ।।

ਇਹਨਾ ਦੀ ਬੋਲਬਾਣੀ, ਦਿਲ ,ਸੁਭਾਅ ਤੇ ਸੋਚ ਕੀ ਬਦਲੀ ,
'ਗ਼ਜ਼ਲ' ਪਰਦੇਸ ਨੇ ਬੰਦਿਆਂ ਨੂੰ ਵੀ ਡਾਲਰ ਬਣਾ ਦਿੱਤਾ ।।

## 6.
## ਅੱਜ ਅੱਖਾਂ ਦੀਦ ਨੂੰ ਫਿਰ ਤਰਸੀਆਂ

ਅੱਜ ਅੱਖਾਂ ਦੀਦ ਨੂੰ ਫਿਰ ਤਰਸੀਆਂ ।
ਫੇਰ ਅੱਖਾਂ ਬਣ ਕੇ ਸਾਵਣ ਵਰ੍ਸੀਆਂ ।।

ਇਸ਼ਕ੍ ਵਿੱਚ ਮਰਨਾ ਤੇ ਜੀਣਾ ਇਸ਼ਕ੍ ਵਿੱਚ ,
ਇਸ਼ਕ੍ ਸਾਨੂੰ ਦਿੱਤੀਆਂ ਨੇ ਗੁੜਤੀਆਂ ।।

ਬਨਸਫ਼ੇ ਦਾ ਫੁੱਲ ਹੈ ਸਾਹਿਬ ਮੇਰਾ ,
ਕੋਲ ਦੀ ਲੰਘਿਆ ਤਾਂ ਪੌਣਾ ਮਹਿਕੀਆਂ ।।

ਸਨਮ ਆਪਣੇ ਵਾਅਦਿਆਂ ਤੋਂ ਫਿਰ ਗਏ ,
ਤੁਰ ਗਏ ਦਿਲ ਤੇ ਗਿਰਾ ਕੇ ਬਿਜਲੀਆਂ ।।

ਹਿਜਰ ਦੀ ਅਗਨੀ ਤੇ ਬਾਲਣ ਖ਼ੂਨ ਦਾ ,
ਇਸ਼ਕ੍ ਨੋਚੇ ਮਾਸ ਕਰ ਕਰ ਬੁਰਕੀਆਂ ।।

ਕੀ ਕਰਾਂ ਉਸ ਬੇਵਫ਼ਾ ਦੀ ਯਾਦ ਨੂੰ ?
ਖ਼ਤ ਉਦ੍ਹੇ ਫੂਕਾਂ ਬਣਾ ਕੇ ਅਰਥੀਆਂ ।।

ਮੌਜ ਲਾਈ ਹੈ ਮੇਰੇ ਮਹਿਬੂਬ ਤੂੰ ,
ਨੈਣ ਤੇਰੇ ਨੇ ਵਿਦੇਸ਼ੀ ਵਿਸਕੀਆਂ ।।

ਸੁਨਣ ਲਈ ਉਸਦਾ ਅਖੀਰੀ ਫੈਸਲਾ ,
ਰੋਕ ਬੈਠੇ ਹਾਂ ਸ਼ਿਰਾਵਾਂ ਦਿਲ ਦੀਆਂ ।।

ਉਸ ਜਿਹਾ ਕੋਈ ਨਾ ਸਾਰੇ ਜੱਗ ਤੇ ,
ਉਸ ਲਈ ਲੱਖਾਂ ਨੇ ਮੇਰੇ ਵਰਗੀਆਂ ।।

ਵੇਖੀ ਗ਼ਜ਼ਲ ਨੇ ਓਸ ਦੀ ਕਾਰੀਗਰੀ,
ਡੋਬਦਾ ਹੱਥੀਂ ਬਣਾ ਕੇ ਕਿਸ਼ਤੀਆਂ ।।

## 7.
## ਨਾ ਸੁੱਕਦਾ ਹੈ ਨਾ ਮੁੱਕਦਾ ਹੈ , ਤੇ ਜਲ ਕੇ ਵੀ ਨਾ ਜਲਦਾ ਹੈ

ਨਾ ਸੁੱਕਦਾ ਹੈ ਨਾ ਮੁੱਕਦਾ ਹੈ , ਤੇ ਜਲ ਕੇ ਵੀ ਨਾ ਜਲਦਾ ਹੈ |
ਇਹ ਬੂਟਾ ਇਸ਼ਕ਼ ਦਾ ਨਿੱਤ ਅੱਗ ਦੀ ਗੋਦੀ 'ਚ ਪਲਦਾ ਹੈ ||

ਤੂੰ ਧਰਤੀ ਏਂ, ਸਥਿਰ ਹੋਣਾ , ਨਹੀਂ ਹੈ ਤੇਰੀ ਫ਼ਿਤਰਤ ਇਹ ,
ਮੈਂ ਸੂਰਜ ਹਾਂ ਕਿ ਜੋ ਆਪਣੀ ਸਹੀ ਥਾਂ ਤੋਂ ਨਾ ਹਿਲਦਾ ਹੈ ||

ਨਹੀਂ ਇੰਗ੍ਲੈਂਡ ਦੇ ਪੌਂਡਾਂ ਬਰਾਬਰ ਹੈਸੀਅਤ ਮੇਰੀ,
ਮੈਂ ਹਾਂ ਖੋਟਾ ਜਿਹਾ ਸਿੱਕਾ ਜੋ ਕਿਧਰੇ ਵੀ ਨਾ ਚੱਲਦਾ ਹੈ ||

ਅਸਲ ਖੁਸ਼ਬੂ ਜੇ ਲੈਣੀ ਹੈ ਤਾਂ ਜੰਗਲੀਂ ਭਟਕਣਾ ਪੈਣਾ,
ਬੜਾ ਦੁਰਲੱਭ ਹੈ ਚੰਦਨ ਜੋ ਘਰ ਬੈਠੇ ਨਾ ਮਿਲਦਾ ਹੈ

ਮਗਰਮੱਛ, ਸ਼ੇਰ ,ਸੱਪ ਵਰਗਾ ਬੁਰਾ ਕਿਰਦਾਰ ਨਹੀਂ ਮੇਰਾ ,
ਮੈਂ ਕੁੱਤਾ ਹਾਂ ਜੋ ਆਪਣੇ ਮਾਲਕ ਨੂੰ ਨਾ ਛਲਦਾ ਹੈ ||

ਗੁਆ ਬੈਠੇ ਹਾਂ ਜੀਵਨ ਵੀ 'ਗ਼ਜ਼ਲ' ਹੱਦਾਂ ਉਸਾਰਨ ਵਿੱਚ ,
ਉਧਰ ਤੇਰਾ ਸਿਵਾ ਬਲਦਾ, ਇਧਰ ਮੇਰਾ ਵੀ ਬਲਦਾ ਹੈ ||

8.

## ਬੇਵਫ਼ਾ ਸੰਗ ਦਿਲਲਗੀ ਚੰਗੀ ਨਹੀ ਹੈ

ਬੇਵਫ਼ਾ ਸੰਗ ਦਿਲਲਗੀ ਚੰਗੀ ਨਹੀ ਹੈ ।
ਪੰਛੀਆਂ ਸੰਗ ਦੋਸਤੀ ਚੰਗੀ ਨਹੀ ਹੈ ।।

ਹੋਸ਼ ਕਰ ! ਨਾ ਲੋਕ ਲੁੱਟ- ਪੁੱਟ ਲੈਣ ਤੈਨੂੰ ,
ਇਸ ਤਰਾਂ ਦੀ ਸਾਦਗੀ ਚੰਗੀ ਨਹੀ ਹੈ ।।

ਜਿਸ ਤੋਂ ਬਸ ਹੰਕਾਰ ਦਾ ਹੀ ਰੰਗ ਉਭਰੇ ,
ਪਿਆਰ ਵਿੱਚ ਐਸੀ ਖ਼ੁਦੀ ਚੰਗੀ ਨਹੀਂ ਹੈ ।।

ਇਸ਼ਕ਼ ਹੈ ਤਾਂ ਤੁਰ ਤਲੀ ਤੇ ਸਿਰ ਟਿਕਾ ਕੇ ,
ਬੁਜ਼ਦਿਲਾਂ ਜਹੀ ਆਸ਼ਕ਼ੀ ਚੰਗੀ ਨਹੀ ਹੈ ।।

ਬਿਨ ਵਜਹ ਮਾਲਕ ਤੇਰਾ ਸ਼ੋਸ਼ਣ ਕਰੇ ਜੋ ,
ਛੱਡ ! ਐਸੀ ਨੌਕਰੀ ਚੰਗੀ ਨਹੀ ਹੈ ।।

ਪੱਗੋ- ਪੱਗੀ ਹੋਣ ਸਿੱਖ ਚੌਂਕਾਂ ਤੇ ਜਾ ਕੇ ,
ਪੱਗ ਦੀ ਪਰ ਬੇਜ਼ਤੀ ਚੰਗੀ ਨਹੀ ਹੈ ।।

ਗੋਦ ਵਿੱਚ ਨਾ ਯਾਰ ਦੀ ਜੇ ਇਹ ਸਿਰ 'ਗ਼ਜ਼ਲ',
ਫਿਰ ਵਿਦਾਇਗੀ ਆਖਰੀ ਚੰਗੀ ਨਹੀ ਹੈ ।।

## 9.
## ਇਸ ਤਰਾਂ ਦੇ ਵੀ ਮਿਲੇ ਸਨ ਜ਼ਿੰਦਗੀ ਨੂੰ ਹਾਦਸੇ

ਇਸ ਤਰਾਂ ਦੇ ਵੀ ਮਿਲੇ ਸਨ ਜ਼ਿੰਦਗੀ ਨੂੰ ਹਾਦਸੇ ।
ਤਰਸਦੇ ਸਾਂ ਮੌਤ ਨੂੰ ਗਲ ਨਾਲ ਲਾਵਣ ਵਾਸਤੇ ।।

ਇੱਕ ਅਵੱਲਾ ਚੋਰ ਸਾਡੀ ਜਾਨ ਦਾ ਖੌਂ ਬਣ ਗਿਆ ,
ਦਿਲ ਚੁਰਾ ਕੇ ਲੈ ਗਿਆ ਓਹ ਵੇਖਦੇ ਹੀ ਵੇਖਦੇ ।।

ਅੰਬਰੋਂ ਉੱਚੇ ਤੁਸੀਂ ਤੇ ਧਰਤ ਤੋਂ ਨੀਂਵੇਂ ਅਸੀਂ ,
ਉਮਰ ਭਰ ਮਿਟਣੇ ਨਹੀਂ ਸਾਡੇ -ਤੁਹਾਡੇ ਫ਼ਾਸਲੇ ।।

ਨਾਗ ਵਾਂਗੂੰ ਫਨ ਖਿਲਾਰੀ ਬੈਠਦੇ ਗੋਲਕ ਤੇ ਜੋ ,
ਗੁਰੂਦੁਵਾਰੇ ਸੰਨ੍ਹ ਲਾਵਣ ਉਹ ਨਾ ਹੁੰਦੇ ਖ਼ਾਲਸੇ ।।

ਡਰਨ ਥਾਣੇ ਤੇ ਕਚਹਿਰੀ ਤਕੜਿਆਂ ਦੀ ਧੌਂਸ ਤੋਂ ,
ਵਿਕ ਗਏ ਨੇ ਸਾਰੇ ਮੁਨਸਿਫ਼ ਜੋ ਸੁਣਾਉਂਦੇ ਫ਼ੈਸਲੇ ।।

ਹੌਂਸਲੇ ਉੱਚੇ ਜਿਨ੍ਹਾਂ ਦੇ ਸਿੱਖ ਨੇ ਸ਼ੇਰਾਂ ਜਿਹੇ ,
ਅਣਖ ਸੰਗ ਮਰਦੇ -ਜਿਊਂਦੇ , ਭਾਲਦੇ ਨਾ ਆਸਰੇ ।।

ਧੰਨ ਮਾਂ ਗੁਜਰੀ ਜਿਦ੍ਹਾ ਪਰਬਤ ਤੋਂ ਉੱਚਾ ਹੌਂਸਲਾ ,
ਸੌਂਪ ਦਿੱਤੇ ਕੌਮ ਨੂੰ ਪੁੱਤਰ ,ਪਤੀ ਤੇ ਪੋਤਰੇ ।।

ਪਿਆਰਦੇ ,ਸਤਿਕਾਰਦੇ , ਕਈਆਂ ਦਿਲਾਂ ਵਿੱਚ ਧੜਕਦੇ ,
ਰੜਕਦੇ ਪਰ ਕਾਫਰਾਂ ਨੂੰ ਸ਼ਬਦ ਮੇਰੇ ਲਾਡਲੇ ।।

## 10.
## ਜਦੋਂ ਸੱਚ ਨੰਗਾ ਹੁੰਦਾ ਹੈ ਸਿੰਘਾਸਣ ਡੋਲ ਜਾਂਦੇ ਨੇ

ਜਦੋਂ ਸੱਚ ਨੰਗਾ ਹੁੰਦਾ ਹੈ ਸਿੰਘਾਸਣ ਡੋਲ ਜਾਂਦੇ ਨੇ ।
ਕਿ ਊਨੀ ਖਿਦੋਆਂ ਵਾਂਗਰ ਉਧੜਦੇ ਪੋਲ ਜਾਂਦੇ ਨੇ ।।

ਕਿੰਵੇ ਗੁਜ਼ਰੇਗੀ ਸਾਡੇ ਤੇ ਰਤਾ ਪਰਵਾਹ ਨਹੀਂ ਕਰਦੇ ,
ਕਿ ਭੋਲੇ ਮੁੱਖ ਤੋਂ ਸੋਹਣੇ ਕਈ ਕੁਝ ਬੋਲ ਜਾਂਦੇ ਨੇ ।।

ਹੁਸਨ ,ਸੱਜਣ ,ਸਮਾਂ ਤੇ ਸਾਹ ਗੁਆਚੇ ਮੁੜ ਨਹੀਂ ਲਭਦੇ ,
ਕਈ ਤਾਂ ਸਾਂਭ ਲੈਂਦੇ ਨੇ ਕਈ ਸਭ ਰੋਲ ਜਾਂਦੇ ਨੇ ।।

ਇਹ ਕੁੱਤੀ ਚੋਰ ਦੋਂਵੇਂ ਸ਼ਾਮ ਪਈ ਤੇ ਇੱਕ ਹੋ ਜਾਂਦੇ ,
ਸੁਬ੍ਹਾ ਤੱਕ ਸੁੱਤਿਆਂ ਲੋਕਾਂ ਦੇ ਖੀਸੇ ਫੋਲ ਜਾਂਦੇ ਨੇ ।।

ਬਣਾ ਕੇ ਹਰ ਜਗ੍ਹਾ ਡੇਰੇ ਕਰਨ ਪ੍ਰਚਾਰ ਜੋ ਆਪਣਾ ,
ਇਹ  ਭੋਲੇ ਲੋਕ ਰੱਬ ਨੂੰ ਪਾਉਣ ਗਧਿਆਂ ਕੋਲ ਜਾਂਦੇ ਨੇ ।।

ਨਿਰੇ ਗਰਜ਼ਾਂ ਦੇ ਨਾਤੇ ਨੇ ਤੇ ਭਾਈਚਾਰਾ ਹੈ ਦੌਂਲਤ ਦਾ ,
ਜਗੀਰਾਂ ਵਾਸਤੇ ਲੋਕੀਂ, ਜ਼ਮੀਰਾਂ ਰੋਲ ਜਾਂਦੇ ਨੇ ।।

ਸਜਣ ਜਦ ਬਹਿਕਦੇ ਨੇ , ਰਾਜ਼ ਦਿਲ ਦਾ ਰਾਜ਼ ਨਹੀਂ ਰਹਿੰਦਾ ,
ਉਹ ਆਪਣੇ ਮੋਹ ਦੀਆਂ ਤੰਦਾਂ ਨੂੰ ਆਪੇ ਖੋਲ੍ਹ ਜਾਂਦੇ ਨੇ ।।

ਤੇਰੀ ਮੇਰੀ ਮੁਹੱਬਤ ਤਾਂ ਅਜੇ ਅੱਧੀ -ਅਧੂਰੀ ਹੈ ,
ਇਹ ਝੱਲੇ ਲੋਕ ਪਹਿਲਾਂ ਹੀ ਵਜਾਈ ਢੋਲ ਜਾਂਦੇ ਨੇ ।।

ਕਦੋਂ ਤੱਕ ਛੁਪ ਸਕੇਗਾ ਪਾਪ ਜਨਤਾ ਦੀ ਨਜ਼ਰ ਕੋਲੋਂ ,
ਕਿ ਲੋਕੀਂ ਝੂਠਿਆਂ ਦੇ ਪੋਤੜੇ ਤੱਕ ਫ਼ੋਲ ਜਾਂਦੇ ਨੇ ।।

ਇਦੋਂ ਵੱਧ ਹੋਰ ਕੀ ਸਾੜਾ ਮੇਰੇ ਸੀਨੇ ਨੂੰ ਸਾੜੇਗਾ ,
ਉਹ ਮੈਨੂੰ ਮਾਰ ਕੇ ਠੋਕਰ ਰਕੀਬਾਂ ਕੋਲ ਜਾਂਦੇ ਨੇ ।।

'ਗ਼ਜ਼ਲ' ਜਿਊਂਦੀ ਨੂੰ ਤੱਕ ਕਿ ਕਾਲਜੇ ਜਿਹਨਾਂ ਦੇ ਮਚਦੇ ਸੀ,
ਉਹ ਹੀ ਹੁਣ ਕਬਰ ਮੇਰੀ ਉੱਤੇ ਹੰਝੂ ਡੋਲ੍ਹ ਜਾਂਦੇ ਨੇ ।।

## 11.
## ਸੋਗ ਫਿਜ਼ਾਵਾਂ , ਹੌਂਕੇ ਹਾਵਾਂ , ਹੋਣ ਮੇਰਾ ਸਿਰਨਾਵਾਂ

ਸੋਗ ਫਿਜ਼ਾਵਾਂ , ਹੌਂਕੇ ਹਾਵਾਂ , ਹੋਣ ਮੇਰਾ ਸਿਰਨਾਵਾਂ ।
ਐਸੀ ਸੱਟ ਬਿਰਹਾ ਦੀ ਖਾਵਾਂ ਗ਼ਜ਼ਲ ਗ਼ਜ਼ਲ ਹੋ ਜਾਵਾਂ ।।

ਤੇਰੇ ਮੇਰੇ ਦੇਸ਼ ਦੀ ਦੂਰੀ , ਦੂਰੀ ਨਾ ਰਹਿ ਜਾਵੇ ,
ਕੂੰਜ ਬਣਾ ਜਾਂ ਤਿਤਲੀ ਹੋ ਜਾਂ ,ਜਾਂ ਬਦਲੀ ਬਣ ਜਾਵਾਂ ।।

ਚਾਰ- ਚੁਫੇਰੇ ਜੱਗ ਦਾ ਮੇਲਾ , ਅੰਦਰ ਹੈ ਤਨਹਾਈ ,
ਦਿਲ ਦਾ ਲਾਵਾ ਫਟ ਜਾਵੇ ਤਾਂ ਖੁਦ ਨੂੰ ਕਿੰਝ ਬਚਾਵਾਂ ।।

ਰਲ ਮਿਲ ਖੇਡੇ ਜਿਹਨੀਂ ਥਾਈਂ , ਚੋਰ ਸਿਪਾਹੀ ਆਪਾਂ ,
ਪਰਦੇਸਾਂ ਵਿੱਚ ਚੇਤੇ ਆਵਣ ਮਾਵਾਂ ਵਰਗੀਆਂ ਥਾਵਾਂ ।।

ਸਿਖਿਆਰਥੀਆਂ ਨੂੰ ਸਿੱਖਿਆ ਦੇਣਾ ਹੈ ਤਾਂ ਮੇਰਾ ਪੇਸ਼ਾ ,
ਐਪਰ ਅੱਲੜ ,ਪਾਗਲ ਦਿਲ ਨੂੰ ਮੈਂ ਕਿੱਦਾਂ ਸਮਝਾਵਾਂ ।।

ਨਾ ਮਾਰੋ, ਨਾ ਮਾਰੋ ਧੀਆਂ ,ਗੱਲੀਂ ਬਾਤੀਂ ਨੇ ਸਭ ਕਹਿੰਦੇ ,
ਐਪਰ ਵਿਹੜੇ ਪੈਣ ਨ੍ਹੀਂ ਦੇਂਦੇ, ਧੀਆਂ ਦਾ ਪਰਛਾਵਾਂ ।।

ਗੈਰਾਂ ਦਿਆਂ ਚੋਚਲਿਆਂ ਅੱਗੇ ਧੌਣ ਨ੍ਹੀਂ ਝੁਕ੍ਣੀ ਮੇਰੀ ,
ਸੱਜਣ ਜੇਕਰ ਜ਼ਹਿਰ ਪਿਲਾਵੇ ਇੱਕੋ ਸਾਹ ਪੀ ਜਾਵਾਂ ।।

ਮਾਂ ਵਰਗੀ ਨਾ ਹੋਰ ਸਕੀਰੀ ,ਮਾਂ ਦੀ ਥਾਂ ਬਸ ਮਾਂ ਹੈ ,
ਤਪਦੀ ਰੁੱਤ ਦੇ ਵਿੱਚ ਵੀ ਜਾਪਣ ਮਾਵਾਂ ਠੰਡੀਆਂ ਛਾਂਵਾਂ ।।

## 12.
## ਛੱਡ ਦੇ ਮੇਰੀ ਮੇਰੀ , ਮੈਂ ਤੋਂ ਤੂੰ ਹੋ ਜਾਹ

ਛੱਡ ਦੇ ਮੇਰੀ ਮੇਰੀ , ਮੈਂ ਤੋਂ ਤੂੰ ਹੋ ਜਾਹ ।
ਕਹਿ ਬਸ ਤੇਰੀ ਤੇਰੀ ,ਮੈਂ ਤੋਂ ਤੂੰ ਹੋ ਜਾਹ ।।

'ਮੈਂ ' ਤਾਂ ਮੂੰਹੋਂ ਨਿਕਲਣ ਸਾਰ ਹੀ ਗਰਕ ਹੋਵੇ,
ਤੂੰ ਦੀ ਉਮਰ ਲੰਮੇਰੀ , ਮੈਂ ਤੋਂ ਤੂੰ ਹੋ ਜਾਹ ।।

ਮੇਰੀ ਮੈਂ ਹੈ ਤੇਰੀ ਤੂੰ ਤੋਂ ਹਾਰ ਗਈ ,
ਮੈਂ ਵੀ ਆਖੇ ਮੇਰੀ , ਮੈਂ ਤੋਂ ਤੂੰ ਹੋ ਜਾਹ ।।

ਮਸਜਿਦ , ਮੰਦਿਰ, ਜਾਹ ਗਿਰਜੇ ਜਾਂ ਗੁਰੂਦੁਵਾਰੇ ,
ਸਭ ਦੀ ਸੋਚ ਉਚੇਰੀ , ਮੈਂ ਤੋਂ ਤੂੰ ਹੋ ਜਾਹ ।।

ਮੈਥੋਂ ਮੇਰੀ ਮੈਂ ਨਾ ਮਾਰ ਮੁਕਾ ਹੋਵੇ
ਦੁਨੀਆਂ ਕਹੇ ਬਥੇਰੀ , ਮੈਂ ਤੋਂ ਤੂੰ ਹੋ ਜਾਹ ।।

ਐਸਾ ਹੋਰ ਬਦਲ ਨਾ ਕੋਈ ਦੁਨੀਆਂ ਤੇ ,
ਇਹੋ ਸੁੱਖ ਦੀ ਢੇਰੀ , ਮੈਂ ਤੋਂ ਤੂੰ ਹੋ ਜਾਹ ।।

ਸਭ ਕੁਝ ਇੱਕ ਦਿਨ ਮੁੱਕਣਾ ,ਰਹਿਣਾ ਤੂੰ ਹੀ ਤੂੰ,
ਲਾ ਨਾ ਬਹੁਤੀ ਦੇਰੀ , ਮੈਂ ਤੋਂ ਤੂੰ ਹੋ ਜਾਹ ।।

ਇੱਕੋ ਸੱਚਾ ਸੌਦਾ ਜੱਗ ਦੀ ਮੰਡੀ ਦਾ
ਕਰ ਨਾ ਹੇਰਾ ਫੇਰੀ ,  ਮੈਂ ਤੋਂ ਤੂੰ ਹੋ ਜਾਹ ।।

'ਗ਼ਜ਼ਲ' ਬੁਝ ਕੇ ਵੀ ਜਗਦੇ ਹੀ ਰਹਿ ਜਾਈਏ,
ਵੱਟੀ ਵੱਟ ਲੰਮੇਰੀ ,  ਮੈਂ ਤੋਂ ਤੂੰ ਹੋ ਜਾਹ ।।

13.
## ਦੌਲਤ ਨਹੀਂ ਮੰਗਦੀ ਕੋਈ ਮੈਨੂੰ ਤੂੰ ਆਪਣਾ ਨਾਂ ਦਵੀਂ

ਦੌਲਤ ਨਹੀਂ ਮੰਗਦੀ ਕੋਈ ਮੈਨੂੰ ਤੂੰ ਆਪਣਾ ਨਾਂ ਦਵੀਂ ।
ਸਿਰ ਉਠਾ ਕੇ ਜੀਅ ਸਕਾਂ ਓਨੀ ਕੁ ਬਣਦੀ ਥਾਂ ਦਵੀਂ ।।

ਤੇਰਾ ਤੇ ਮੇਰਾ ਸਾਥ ਹੈ ਜੀਕੂੰ ਪਤੰਗੇ ਲਾਟ ਦਾ ,
ਦਿਲ ਵਿੱਚ ਰਵੀਂ ਮੇਰੇ ਬੇਸ਼ੱਕ ਹੌਕੇ ਦਵੀਂ, ਪੀੜਾਂ ਦਵੀਂ ।।

ਨਫ਼ਰਤ ਭਰੇ ਜਹਾਨ ਵਿੱਚ ਹੈ ਤੇਰਾ ਆਸਰਾ ਸਤਯੁੱਗ ਜਿਹਾ ,
ਕਲਯੁੱਗ ਮੇਰੇ ਸਿਰ ਤੇ ਫਿਰੇ ਐਸੀ ਜੁਦਾਈ ਨਾ ਦਵੀਂ ।।

ਇੱਕ ਦਿਲ ਦੁਖੇ ਤਾਂ ਜਨਮਾਂ ਤੱਕ ਨਾ ਲਹਿੰਦਾ ਮਨ ਤੋਂ ਪਾਪ ,
ਦਿਲ ਨੂੰ ਕਿਸੇ ਦੇ ਦਿਲਰੁਬਾ ਭੁੱਲ ਕੇ ਵੀ ਧੋਖਾ ਨਾ ਦਵੀਂ ।।

ਜਨਤਾ ਦੇ ਦੁੱਖਾਂ ਨੂੰ ਸਦਾ ਵੇਖੇ , ਸੁਣੇ ਤੇ ਹੱਲ ਕਰੇ ,
ਸਰਕਾਰ ਨੂੰ ਰੱਬਾ ਤੂੰ ਐਸੇ ਕੰਨ ,ਮਨ , ਅੱਖਾਂ ਦਵੀਂ ।।

ਮਾਹੀ ਸਣੇ ਹਰ ਜਨਮ ਦੇ ਰਿਸ਼ਤੇ ਮੈਂ ਚਾਹਾਂ ਰੱਬ ਤੋਂ ,
'ਨਿਰਮਲ' ਜਿਹਾ ਬਾਬਲ ਦਵੀਂ, 'ਕੁਲਵੰਤ' ਜਹੀ ਹੀ ਮਾਂ ਦਵੀਂ ।।

## 14.
## ਸੱਚ ਕੋਲੋਂ ਝੂਠ ਦੀ ਇਕ ਚੋਣ ਨਾ ਜਿੱਤੀ ਗਈ

ਸੱਚ ਕੋਲੋਂ ਝੂਠ ਦੀ ਇਕ ਚੋਣ ਨਾ ਜਿੱਤੀ ਗਈ।
ਚੰਗਾ ਹੋਇਆ ਲੋਕਾਂ ਦੀ ਇਹ ਸਮਝ ਵੀ ਪਰਖੀ ਗਈ॥

ਸਾਥੋਂ ਅਪਣੇ ਇਸ਼ਕ ਦੀ ਘਟਨਾ ਨਹੀਂ ਭੁੱਲੀ ਗਈ।
ਗੱਲ ਇਹ ਲੋਕਾਂ ਲਈ ਪਰ ਹੋ ਗਈ ਆਈ ਗਈ॥

ਰਾਖਵੀਂ ਸਾਡੇ ਲਈ ਨੀਤੀ ਹੈ ਰੱਖੀ ਗਈ।
ਖ਼ਤਮ ਸਾਨੂੰ ਕਰਨ ਦੀ ਤਰਕੀਬ ਹੈ ਸੋਚੀ ਗਈ॥

ਬਸ ਅਖ਼ੀਰੀ ਸਾਹ ਦੀ ਤੰਦ ਆਖਰੀ ਕੱਟੀ ਗਈ।
ਦਿਲ ਤੋਂ ਤੇਰੇ ਮੁੜਨ ਦੀ ਪਰ ਆਸ ਨਾ ਛੱਡੀ ਗਈ॥

ਵੈਦ ਸੀ ਕੱਚਾ ਤੇ ਦਿਲ ਵਿਚ ਪੀੜ ਸੀ ਡਾਹਢੀ ਮੇਰੇ,
ਉਸ ਤੋਂ ਨਾ ਬੁੱਝੀ ਗਈ, ਮੈਥੋਂ ਵੀ ਨਾ ਦੱਸੀ ਗਈ॥

ਛੱਡ ਕੇ ਡੋਲੀ ਗ਼ੈਰ ਦੀ ਮੈਨੂੰ ਸਤੀ ਹੋਣਾ ਪਿਆ,
ਇਸ਼ਕ ਅਪਣੇ ਦੀ ਨਾ ਮੈਥੋਂ ਇਹ ਚਿਤਾ ਵੇਖੀ ਗਈ॥

ਜੋ 'ਗ਼ਜ਼ਲ' ਦੇ ਸੁਖ ਦੇ ਸਾਥੀ ਸਨ, ਉਹ ਦੁਖ 'ਚ ਛੱਡ ਗਏ,
ਚੰਗਾ ਹੋਇਆ ਦੋਸਤਾਂ ਦੀ ਦੋਸਤੀ ਪਰਖੀ ਗਈ॥

## 15
## ਖ਼ੁਦਾ ,ਸਰਕਾਰ , ਸ਼ਾਹੂਕਾਰ ਸਾਰੇ ਸੌਂ ਗਏ ਨੇ

ਖ਼ੁਦਾ ,ਸਰਕਾਰ , ਸ਼ਾਹੂਕਾਰ ਸਾਰੇ ਸੌਂ ਗਏ ਨੇ ।
ਕਿ ਹੱਕ- ਸੱਚ ਦੇ ਵੀ ਪਹਿਰੇਦਾਰ ਸਾਰੇ ਸੌਂ ਗਏ ਨੇ ।।

ਕਿੰਵੇਂ ਚੌਂਕਾਂ ਦੇ ਵਿੱਚ ਪਗੜੀ ਉਛਾਲੀ ਜਾ ਰਹੀ ਹੈ ,
ਨਿਆਰੀ ਕੌਮ ਦੇ ਸਰਦਾਰ ਸਾਰੇ ਸੌਂ ਗਏ ਨੇ ।।

ਸ਼ਰੇ ਬਾਜ਼ਾਰ ਧੀ ਦੀ ਆਨ ਲੁੱਟੀ ਜਾਣ, ਆਪੇ ,
ਮਾਪੇ ,ਭਾਈ , ਰਿਸ਼ਤੇਦਾਰ ਸਾਰੇ ਸੌਂ ਗਏ ਨੇ ।।

ਲੁਟੇਰੇ ਬਣ ਗਏ ਮਿਰਜ਼ੇ ,ਨਸ਼ੇ ਵਿੱਚ ਟੁੰਨ ਰਾਂਝੇ ,
ਦਿਲਾਂ ਦੇ ਬਾਦਸ਼ਾਹ ਦਿਲਦਾਰ ਸਾਰੇ ਸੌਂ ਗਏ ਨੇ ।।

ਲਹੂ ਦੇ ਦਰਿਆ ਵਗਣ ਤੇ ਝੂਠ ਦਾ ਹੈ ਬੋਲਬਾਲਾ ,
ਅਹਿੰਸਾ , ਸੱਚ ਦੇ ਪਹਿਰੇਦਾਰ ਸਾਰੇ ਸੌਂ ਗਏ ਨੇ ।।

ਸਿਆਸਤ ,ਨਫਰਤਾਂ  ਦੇ ਪੁੜ ਬਥੇਰੇ ,
ਜਵਾਨੀ ਪਿਸ ਗਈ ਵਿਚਕਾਰ ਸਾਰੇ ਸੌਂ ਗਏ ਨੇ ।।

ਮੇਰੇ ਜਗਰਾਤਿਆਂ ਦਾ ਸਾਥ ਗਹਿਰਾ ਨਾਲ ਉਸਦੇ ,
ਜਗੇ ਦੁਸ਼ਮਨ 'ਗਜ਼ਲ'  ,ਪਰ ਯਾਰ ਸਾਰੇ ਸੌਂ ਗਏ ਨੇ ।।

## 16
## ਸੁਣ ਦਿਲਾ ! ਦਿਲਦਾਰ ਨੂੰ ਅਜ਼ਮਾ ਕੇ ਤਾਂ ਵੇਖੀਂ ਕਦੇ

ਸੁਣ ਦਿਲਾ ! ਦਿਲਦਾਰ ਨੂੰ ਅਜ਼ਮਾ ਕੇ ਤਾਂ ਵੇਖੀਂ ਕਦੇ ।
ਕਿੰਨਾ ਪੱਕਾ ਪਿਆਰ ਹੈ ਟਣਕਾ ਕੇ ਤਾਂ ਵੇਖੀਂ ਕਦੇ ।।

ਨੇਰ੍ਹਿਆਂ ਦੇ ਰਾਜ ਵਿੱਚ , ਨਵ ਰਸਤਿਆਂ ਦੀ ਖੋਜ ਵਿੱਚ ,
ਦੀਵਾ ਅਪਣੀ ਹੋਂਦ ਦਾ ਰੁਸ਼ਨਾ ਕੇ ਤਾਂ ਵੇਖੀਂ ਕਦੇ ।।

ਪਿਆਸ ਤਾਈਂ ਆਸ ਇਕ ਫਿਰ ਮਿਲ ਹੀ ਜਾਏਗੀ ਜ਼ਰੂਰ ,
ਖੁਸ਼ਕ ਹੋਂਠਾਂ ਸੰਗ ਜ਼ਰਾ ਮੁਸਕਾ ਕੇ ਤਾਂ ਵੇਖੀਂ ਕਦੇ ।।

ਹੁੰਦੀ ਨਫ਼ਰਤ ਹੀ ਨਹੀਂ ਹਰ ਇੱਕ ਝਗੜੇ ਦਾ ਇਲਾਜ ,
ਹਰ ਸਮੱਸਿਆ ਪਿਆਰ ਸੰਗ ਸੁਲਝਾ ਕੇ ਤਾਂ ਵੇਖੀਂ ਕਦੇ ।।

ਪੰਛੀਆਂ ਦੀ ਜ਼ਿੰਦਗੀ ਹੈ ਜੀਣ ਦਾ ਅਪਣਾ ਮਜ਼ਾ ,
ਉੱਚੇ ਅੰਬਰ ਤੇ ਉਡਾਰੀ ਲਾ ਕੇ ਤਾਂ ਵੇਖੀਂ ਕਦੇ ।।

ਕਿੰਨਾ ਦਮ ਸੀਨੇ 'ਚ ਹੈ, ਹਿਰਦੇ 'ਚ ਕਿੰਨਾ ਜੋਸ਼ ਹੈ ?
ਉੱਚੇ ਪਰਬਤ ਨਾਲ ਤੂੰ ਟਕਰਾ ਕੇ ਤਾਂ ਵੇਖੀਂ ਕਦੇ ।।

ਜੋ ਨੇ ਡੀਂਗਾਂ ਮਾਰਦੇ ਕਿ ਉਹ ਤੇਰੇ ਹੀ ਯਾਰ ਨੇ ,
ਕਿੰਨੇ ਕੁ ਪਾਣੀ ਵਿੱਚ ਨੇ ਪਰਤਾ ਕਿ ਤਾਂ ਵੇਖੀਂ ਕਦੇ ।।

ਬਾਦਸ਼ਾਹਤ ਵੇਖਣੀ ਹੈ , ਸਾਡੀ ਫ਼ਿਤਰਤ ਦੀ ਜੇ, ਤੂੰ,
ਅਪਣੇ ਦਿਲ ਵਿੱਚ ਇੱਕ ਦਫ਼ਾ ਠਹਿਰਾ ਕਿ ਤਾਂ ਵੇਖੀਂ ਕਦੇ ।।

ਚਾਰੇ- ਪਾਸੇ ਮੈਂ ਹੀ ਮੈਂ ਦਿਸਣਾ ਹੈ ਤੈਨੂੰ ਦੋਸਤਾ,
ਸੁੰਨੇ ਸੁੰਨੇ ਨੈਣਾਂ ਨੂੰ ਸੁਰਮਾ ਕੇ ਤਾਂ ਵੇਖੀਂ ਕਦੇ ।।

ਨਾ ਕਰੀਂ ਪਰਵਾਹ ਜੇ ਸਿਰ ਲਹਿੰਦਾ ਹੈ ਤਾਂ ਲਹਿ ਜਾਵੇ ,
ਇਹ ਦੁਪੱਟਾ ਕੇਸਰੀ ਲਹਿਰਾ ਕਿ ਤਾਂ ਵੇਖੀਂ ਕਦੇ ।।

ਸੁਖਮਈ ਜੀਵਨ ਰਜ਼ਾ ਰੱਬ ਦੀ ਸੱਜਣਾ ਦੇਣ ਹੈ ,
ਅੱਥਰੇ ਮਨ ਨੂੰ 'ਗ਼ਜ਼ਲ ' ਸਮਝਾ ਕਿ ਤਾਂ ਵੇਖੀਂ ਕਦੇ ।।

## 17.
## ਇਹ ਵੀ ਕੀਹ ਸਰਕਾਰਾਂ ਨੇ

ਇਹ ਵੀ ਕੀਹ ਸਰਕਾਰਾਂ ਨੇ ।
ਰੇਤ ਦੀਆਂ ਦੀਵਾਰਾਂ ਨੇ ।।

ਬਿਨ ਯਾਰਾਂ ਤੋਂ ਪਤਝੜ ਹੈ ,
ਯਾਰਾਂ ਨਾਲ ਬਹਾਰਾਂ ਨੇ ।।

ਸਾਨੂੰ ਚੁਭਣ ਹੀ ਦਿੱਤੀ ਹੈ ,
ਫੁੱਲਾਂ ਵਰਗੇ ਯਾਰਾਂ ਨੇ ।।

ਮੁੜ ਧੀਆਂ ਨੇ ਆਉਣਾ ਨਾ ,
ਇਹ ਪਰਦੇਸੀ ਡਾਰਾਂ ਨੇ ।।

ਵੋਟਾਂ ਮੰਗਦੇ ਫਿਰਦੇ ਜੋ ,
ਹੇਠ ਮੰਗਤਿਆਂ ਕਾਰਾਂ ਨੇ ।।

ਕਾਹਦਾ ਸ਼ਿਕਵਾ ਗੈਰਾਂ  ਤੇ,
ਤਿਲ ਤਿਲ ਮਾਰਿਆ ਯਾਰਾਂ ਨੇ ।।

ਬੋਲ ਸੱਜਣ ਦੇ ਲਗਦੇ ਜਿਓਂ ,
ਕੱਚੇ ਦੁੱਧ ਦੀਆਂ ਧਾਰਾਂ ਨੇ ।।

ਤੇਰੇ ਵਰਗਾ ਕੋਈ ਨਹੀਂ ,
ਮੇਰੇ ਜਿਹੇ ਹਜ਼ਾਰਾਂ ਨੇ ।।

ਲੁੱਟ ਮਚਾਈ ਹਰ ਪਾਸੇ ,
ਆਪਣੀਆਂ ਸਰਕਾਰਾਂ ਨੇ ।।

ਮਰਦ ਪੰਜਾਬੀ ਰਾਂਝੇ ਤੇ ,
ਹੀਰਾਂ ਵਰਗੀਆਂ ਨਾਰਾਂ ਨੇ ।।

ਕੱਲਾ ਕੱਲਾ ਕੁਝ ਵੀ ਨਾ ,
ਇੱਕ ਤੇ ਇੱਕ ਗਿਆਰਾਂ ਨੇ ।।

## 18.
## ਵਿਚਾਲੇ ਤਣ ਗਿਆ ਬਾਡਰ ,ਤੁਸੀਂ ਓਧਰ ਅਸੀਂ ਏਧਰ

ਵਿਚਾਲੇ ਤਣ ਗਿਆ ਬਾਡਰ ,ਤੁਸੀਂ ਓਧਰ ਅਸੀਂ ਏਧਰ ।
ਦਿਲਾਂ ਤੇ ਧਰ ਲਏ ਪੱਥਰ , ਤੁਸੀਂ ਓਧਰ ਅਸੀਂ ਏਧਰ ।।

ਰੋਈ ਧਰਤੀ ਅਤੇ ਅੰਬਰ , ਤੁਸੀਂ ਓਧਰ ਅਸੀਂ ਏਧਰ ।
ਲਹੂ ਦਾ ਫੈਲਿਆ ਸਾਗਰ , ਤੁਸੀਂ ਓਧਰ ਅਸੀਂ ਏਧਰ ।।

ਅਸੀਂ ਸਿੱਕੇ ਦੇ ਦੋ ਪਹਿਲੂ ਨਾ ਵਿਛੜਦੇ ਨਾ ਮਿਲਦੇ ਹਾਂ,
ਬਣੇ ਹਾਂ ਝੱਲਿਆਂ ਵਾਂਗਰ , ਤੁਸੀਂ ਓਧਰ ਅਸੀਂ ਏਧਰ ।।

ਹੈ ਦਿਲ ਕਰਦਾ ਕਿ ਢਾਹ ਦੇਈਏ ,ਇਹ ਸਰਹੱਦਾਂ ,ਇਹ ਸਰਕਾਰਾਂ ,
ਨਹੀਂ ਹੁੰਦਾ ਅਸਾਂ ਤੋਂ ਜਰ , ਤੁਸੀਂ ਓਧਰ ਅਸੀਂ ਏਧਰ ।।

ਜੇ ਚਾਹੀਏ ਵੀ ਤਾਂ ਇੱਕ ਦੂਜੇ ਨੂੰ ਆਪਾਂ ਮਿਲ ਨਹੀਂ ਸਕਦੇ ,
ਬਣੇ ਹਾਂ ਤਰਸ ਦੇ ਪਾਤਰ , ਤੁਸੀਂ ਓਧਰ ਅਸੀਂ ਏਧਰ ।।

ਬੜਾ ਔਖਾ ਮਨੁੱਖ ਤਾਈਂ ਬਿਗਾਨੀ ਧਰਤ ਤੇ ਰਹਿਣਾ ,
ਤੇ ਉਹ ਵੀ ਡਾਲਰਾਂ ਖਾਤਰ , ਤੁਸੀਂ ਓਧਰ ਅਸੀਂ ਏਧਰ ।।

ਜਗੀਰਾਂ ਹੋਰ ਮਿਲ ਗਈਆਂ ਅਮੀਰਾਂ ਤੇ ਵਜ਼ੀਰਾਂ ਨੂੰ ,
ਹੋਏ ਆਪਾਂ ਘਰੋਂ ਬੇਘਰ , ਤੁਸੀਂ ਓਧਰ ਅਸੀਂ ਏਧਰ ।।

ਨਾ ਸਿੱਖ ਓਹੀ ,ਨਾ ਉਹ ਮੁਸਲਿਮ ਤੇ ਨਾ ਉਹ ਰਹਿ ਗਏ ਹਿੰਦੂ ,
ਵਿਛੜ ਗਏ ਮਸਜਿਦਾਂ ਮੰਦਰ , ਤੁਸੀਂ ਓਧਰ ਅਸੀਂ ਏਧਰ ।।

ਪਿਆਸੀ ਖ਼ੂਨ ਦੀ ਇਹ ਮੁੜ 'ਗ਼ਜ਼ਲ' ਆਵੇ ਨਾ ਸੰਤਾਲੀ ,
ਲੰਘਾਉਂਦੇ ਹਾਂ ਸਮਾਂ ਡਰ ਡਰ , ਤੁਸੀਂ ਓਧਰ ਅਸੀਂ ਏਧਰ ।।

## 19.
## ਉਹ ਸੁਹਣੇ , ਹੋਰ ਸੁਹਣੇ , ਹੋਰ ਸੁਹਣੇ ਹੋ ਗਏ ਨੇ

ਉਹ ਸੁਹਣੇ , ਹੋਰ ਸੁਹਣੇ , ਹੋਰ ਸੁਹਣੇ ਹੋ ਗਏ ਨੇ ।
ਦਿਲਾਂ ਦੇ ਚੋਰ ਸੁਹਣੇ , ਹੋਰ ਸੁਹਣੇ ਹੋ ਗਏ ਨੇ ।।

ਉਹ ਸੱਤਾਂ ਪਰਦਿਆਂ ਹੇਠੋਂ ਵੀ ਅੱਖਾਂ ਨਾਲ ਠਗਦੇ
ਬੜੇ ਠਗਠੋਰ ਸੁਹਣੇ , ਹੋਰ ਸੁਹਣੇ ਹੋ ਗਏ ਨੇ ।।

ਜਨਮ ਦੇ ਵੈਸ਼ਨੂੰ ਪੀਤੀ ਬਿਨਾ ਟੱਲੀ ਹੋਏ ਹਨ ,
ਨਸ਼ੇ ਦੇ ਲੋਰ , ਸੁਹਣੇ ਹੋਰ ਸੁਹਣੇ ਹੋ ਗਏ ਨੇ ।।

ਦਿਲਾਂ ਦੇ ਸੌਦਿਆਂ ਵਿਚ ਵੀ ਨਫ਼ਾ ਹੀ ਭਾਲਦੇ ਉਹ ,
ਮੁਨਾਫ਼ੇਖੋਰ ਸੁਹਣੇ, ਹੋਰ ਸੁਹਣੇ ਹੋ ਗਏ ਨੇ ।।

ਇਹ ਅੱਖ ਦੀ ਲਾਲਗੀ ਵਿੱਚ ਇਸ਼ਕ੍ ਹੈ ਜਾਂ ਨੀਂਦਰਾ ਹੈ ,
ਹੈ ਉਖੜੀ ਤੋਰ ਸੁਹਣੇ, ਹੋਰ ਸੁਹਣੇ ਹੋ ਗਏ ਨੇ ।।

ਹਿਲਾ ਕੇ ਧੌਣ ,ਭੰਗੜਾ ਪਾਉਣ ,ਤੁਰਲਾ ਚਾਦਰਾ ਪਾ ,
ਬਣੇ ਨੇ ਮੋਰ ਸੁਹਣੇ, ਹੋਰ ਸੁਹਣੇ ਹੋ ਗਏ ਨੇ ।।

ਬਿਨਾ ਮਤਲਬ ਬਲੀ ਚੜ੍ਹੀਏ 'ਗ਼ਜ਼ਲ' ਫਿਰ ਵੀ ਹਾਂ ਕੋਝੇ ,
ਤੇ ਮਤਲਬਖ਼ੋਰ ਸੁਹਣੇ, ਹੋਰ ਸੁਹਣੇ ਹੋ ਗਏ ਨੇ ।।

## 20.
## ਇਹ ਇਸ਼ਕ ਵੀ ਕੀ ਚੀਜ਼ ਹੈ

ਇਹ ਇਸ਼ਕ ਵੀ ਕੀ ਚੀਜ਼ ਹੈ।
ਦਿਲ ਦੀ ਅਧੂਰੀ ਰੀਝ ਹੈ॥

ਉੱਗ ਆਉਣ ਲਈ ਜੋ ਬੀਜਿਆ,
ਮਿਰੀ ਆਰਜ਼ੂ ਦਾ ਬੀਜ ਹੈ॥

ਪੱਥਰ ਹਾਂ ਮੈਂ ਤੂੰ ਹੱਡ ਮਾਸ,
ਮੇਰਾ ਸਿਰ ਤੇਰੀ ਦਹਿਲੀਜ਼ ਹੈ॥

ਫੜ ਨਬਜ਼ ਰੋ ਨਾ ਐ ! ਮਸੀਹ,
ਇਹ ਹਿਜਰ ਦਾ ਹੀ ਮਰੀਜ਼ ਹੈ॥

ਛੋਹ ਜਿਸਮ ਮੇਰਾ ਬੋਚ ਕੇ,
ਇਹ ਮੇਰੇ ਯਾਰ ਦੀ ਕਮੀਜ਼ ਹੈ॥

ਨਾ ਦੇਖਿਓ ਗੁਸਤਾਖੀਆਂ,
ਮੇਰੀ ਉਮਰ ਹੀ ਬਦਤਮੀਜ਼ ਹੈ॥

ਤੇਰੇ ਤੋਂ ਵੱਧ ਕੁਲਜੀਤ ਲਈ,
ਤੇਰਾ ਬਿਰਹੜਾ ਅਜੀਜ਼ ਹੈ॥

## 21
## ਲਾਟ ਜਲਦੀ ਨੂੰ ਜਲਾਓ ਰਾਤ ਭਰ

ਲਾਟ ਜਲਦੀ ਨੂੰ ਜਲਾਓ ਰਾਤ ਭਰ,
ਭੰਬਟੋ ਨੇੜੇ ਨਾ ਜਾਓ ਰਾਤ ਭਰ ॥

ਯਾਦ ਤੇਰੀ ਦੀ ਗੁਲਾਮੀ ਕਰ ਲਈ,
ਆਖਦੀ ਪਲਕੀਂ ਬਿਠਾਓ ਰਾਤ ਭਰ ॥

ਕੀ ਪਤਾ ਉਹ ਖ਼ਾਬ ਵਿਚ ਹੀ ਆ ਮਿਲੇ,
ਨੀਂਦ ਨੂੰ ਯਾਰੋ ਮਨਾਓ ਰਾਤ ਭਰ ॥

ਆਈ ਸੁਹਣੀ, ਨਾ ਉਹਦੀ ਯਾਦ ਹੀ,
ਮਾਸ ਆਪਣਾ ਆਪ ਖਾਓ ਰਾਤ ਭਰ ॥

ਮਿਲ ਗਈ ਕੁਰਸੀ ਬਣੇ ਨੇਤਾ ਤੁਸੀਂ,
ਖ਼ੂਬ ਹੁਣ ਪੈਸੇ ਕਮਾਓ ਰਾਤ ਭਰ ॥

ਕੀ ਪਤਾ ਭਾਂਡਾ ਕਦੋਂ ਇਹ ਫੁੱਟ ਪਵੇ,
ਰਿਸ਼ਵਤਾਂ ਖਾ ਕੇ ਪਚਾਓ ਰਾਤ ਭਰ ॥

ਅੱਕ ਗਏ ਹਨ ਬਹੁਤ ਦਿਨ ਦੇ ਸ਼ੋਰ ਤੋਂ,
ਗੀਤ ਦੀ ਮਹਿਫ਼ਿਲ ਸਜਾਓ ਰਾਤ ਭਰ ॥

ਰੁੱਸ ਗਈ 'ਕੁਲਜੀਤ' ਫਿਰ ਮੰਨਦੀ ਨਹੀਂ,
ਦਿਨ ਚੜ੍ਹੇ, ਭਾਂਵੇ ਮਨਾਓ ਰਾਤ ਭਰ ॥

**22.**
## 'ਤੇ ਤੂੰ ਸਾਨੂੰ ਅਪਣਾਉਣਾ ਨਹੀਂ

'ਤੇ ਤੂੰ ਸਾਨੂੰ ਅਪਣਾਉਣਾ ਨਹੀਂ।
ਅਸੀਂ ਹੱਥ ਬਿਗਾਨੇ ਆਉਣਾ ਨਹੀਂ॥

ਨਾ ਤੋੜ ਮਸਲ ਕੇ ਸੁੱਟ ਇਸ ਨੂੰ,
ਇਹ ਦਿਲ ਦਾ ਫੁੱਲ, ਖਿਡਾਉਣਾ ਨਹੀਂ॥

ਜੋ ਹੰਝੂਆਂ ਥਾਣੀ ਵਹਿ ਜਾਣੈ,
ਬੰਨ੍ਹ ਧਾਰੀ ਸੂਰਮਾ ਪਾਉਣਾ ਨਹੀਂ॥

ਇੱਕ ਪੀੜ੍ਹ- ਵਿਛੋੜਾ ਉਮਰਾਂ ਦਾ,
ਪਲ ਦੋ ਪਲ ਦੁੱਖ ਹੰਢਾਉਣਾ ਨਹੀਂ॥

ਜੋ ਢਲੀ ਜਵਾਨੀ ਢਲ ਜਾਊ,
ਮੇਰਾ ਇਸ਼ਕ ਹੈ, ਹੁਸਨ ਪਰਾਹੁਣਾ ਨਹੀਂ॥

ਤੂੰ ਸੁਪਨੇ ਵੇਖੇਂ ਵਸਲਾਂ ਦੇ ?
ਮੈਂ ਸੁਪਨਾ ਵੀ ਰੁਸ਼ਨਾਉਣਾ ਨਹੀਂ॥

ਨਦੀਆਂ ਦੇ ਨਿੱਖੜੇ ਨੀਰ ਅਸੀਂ,
ਕਿਸਮਤ ਵੀ ਮੇਲ ਮਿਲਾਉਣਾ ਨਹੀਂ॥

'ਕੁਲਜੀਤ ਗ਼ਜ਼ਲ' ਸੀ ਇੱਕ ਆਸ਼ਕ,
ਦਿਲ ਹੋਰ ਨੇ ਇੰਵ ਲੁਟਾਉਣਾ ਨਹੀਂ॥

## 23.
## ਇਸ਼ਟ ਦੇ ਦੁਆਲੇ ਤਾਂ ਪਹਿਲਾਂ ਨਾਰ ਨਾਲ ਲੈਂਦੇ ਨੇ ਲਾਵਾਂ

ਇਸ਼ਟ ਦੇ ਦੁਆਲੇ ਤਾਂ ਪਹਿਲਾਂ ਨਾਰ ਨਾਲ ਲੈਂਦੇ ਨੇ ਲਾਵਾਂ,
ਫਿਰ ਉਡਾਉਂਦੇ ਅੰਬਰੀਂ ਗੁੱਡੀ ਤਰਾਂ ਪਾ ਕੇ ਤਲਾਵਾਂ ॥

ਲੋਚਦਾ ਅਸ਼ਲੀਲ ਸੁਨਣਾ - ਦੇਖਣਾ ਇਹ ਸ਼ਹਿਰ ਤੇਰਾ,
ਹੁਣ ਤੂੰ ਦੱਸ ਕਿਹੜੇ ਮੈਂ ਸੱਭਿਆਚਾਰ ਦੇ ਫਿਰ ਗੀਤ ਗਾਵਾਂ?

ਨਿੱਜ ਸਵਾਰਥ ਵਾਸਤੇ ਇੰਝ ਰੁੱਖ ਨਾ ਕੱਟੋ ਨਹੀਂ ਤਾਂ,
ਫਿਰ ਨਹੀਂ ਤਿੱਖੜ ਦੁਪਿਹਰੇ ਲੱਭਣੀਆਂ ਘਣਘੋਰ ਛਾਂਵਾਂ ॥

ਡਰ, ਕੁਰਹਿਤਾਂ, ਪਾਪ, ਨਸ਼ਿਆਂ ਤੋਂ ਨਾ ਹੁਣ ਬਚਿਆ ਕੋਈ,
ਪਿਆਰ ਜੇ ਪਾਵਾਂ ਤਾਂ ਦੱਸ ਕਿਸ ਗੱਭਰੂ ਦੇ ਨਾਲ ਪਾਵਾਂ ?

ਗੁਰੂਦਵਾਰੇ, ਮਸਜਿਦਾਂ, ਮੰਦਿਰ ਤੇ ਗਿਰਜੇ ਨੇ ਚੁਫੇਰੇ,
ਦਿਲ ਦੁਚਿੱਤੀ ਵਿੱਚ ਹੈ ਫਸਿਆ, ਰੱਬ ਨੂੰ ਕਿੱਥੋਂ ਮੈਂ ਪਾਵਾਂ ?

## 24.
## ਜਕੜੀ ਹੈ ਜਿਸਨੇ ਜਿੰਦ ਸੱਜਣਾ, ਉਹ ਉਲਫ਼ਤ ਦੀ ਜੰਜ਼ੀਰ ਏਂ ਤੂੰ

ਜਕੜੀ ਹੈ ਜਿਸਨੇ ਜਿੰਦ ਸੱਜਣਾ,
ਉਹ ਉਲਫ਼ਤ ਦੀ ਜੰਜ਼ੀਰ ਏਂ ਤੂੰ
ਇਸ ਮੇਰੀ ਦਰਦ ਕਹਾਣੀ ਦਾ,
ਸ਼ੁਰੂਆਤ ਵੀ ਤੂੰ ਅਖ਼ੀਰ ਏਂ ਤੂੰ ॥

ਤੂੰ ਹਰ- ਪਲ ਹਸਦਾ ਵਸਦਾ ਰਹਿ
ਜਿਸ ਥਾਂ ਵੀ ਹੋਵੇਂ ਖੁਸ਼ ਹੋਵੇਂ
ਸਾਨੂੰ ਚੱਤੇ- ਪਹਿਰ ਰੁਆਉਂਦੀ ਜੋ,
ਸਾਡੇ ਦਿਲ ਵਿਚ ਉਹ ਤਸਵੀਰ ਏਂ ਤੂੰ ॥

ਇਹ ਜ਼ਿੰਦਗੀ ਤੇਰੇ ਲੇਖੇ ਹੈ
ਨਹੀਂ ਜਿਓਣਾ ਮਰਨਾ ਹਥ ਸਾਡੇ,
ਸਾਥੋਂ ਬੈਠੀ ਮੁਖੜਾ ਮੋੜੀ ਜੋ
ਉਹ ਰੁੱਸੀ ਹੋਈ ਤਕਦੀਰ ਏਂ ਤੂੰ ॥

ਲੈ ! ਪ੍ਰਾਣ ਆਹੂਤੀ ਦੇ ਦਿੱਤੀ
ਇਕ ਤੇਰੀ ਮਿਹਰਬਾਨੀ ਤੋਂ,
ਅਫਸੋਸ ! ਅਜੇ ਵੀ ਮੰਨਿਆ ਨਹੀਂ
ਨਾ ਜਾਣੇ ਕੈਸਾ ਪੀਰ ਏਂ ਤੂੰ ॥

ਇਥੇ ਜਾਬਰ ਹੱਕ ਨਿਤਾਣੇ ਤੋਂ
ਨਿੱਤ ਮਾਰ- ਝੱਪਟਾਂ ਖੋਹ ਲੈਂਦੇ,
ਤੈਨੂੰ ਖੋਹ ਕੇ ਨਾ ਕੋਈ  ਲੈ ਜਾਵੇ
ਮੇਰੇ ਹਿੱਸੇ ਦੀ ਜਾਗੀਰ ਏਂ ਤੂੰ ॥

ਮੈਂ ਜਖਮੀ ਇੱਕ ਪਰਿੰਦਾ ਹਾਂ
ਉਡ ਸਕਦਾ ਨਹੀਂ ਅਸਮਾਨਾਂ ਵਿੱਚ,
ਮੇਰੇ ਦਿਲ ਵਿਚ ਦੀ ਜੋ ਲੰਘ ਗਿਆ
ਬੇ-ਵਾਕ ਇਸ਼ਕ ਦਾ ਤੀਰ ਏਂ ਤੂੰ ॥

ਜਦ ਸ਼ੀਸ਼ਾ ਵੇਖਣ ਬੈਠਾਂ ਮੈਂ
ਮੈਨੂੰ ਅੱਖਾਂ ਵਿਚੋਂ ਤੂੰ ਦਿਸਦਾ,
ਇਕ ਜ਼ਾਲਮ ਸ਼ੋਖ ਅਦਾਵਾਂ ਦੀ
ਉਹ ਪਿਆਰੀ ਜਹੀ ਤਸਵੀਰ ਏਂ ਤੂੰ ॥

ਮੇਰੀ ਪਾਕ- ਗ਼ਜ਼ਲ ਦੇ ਸ਼ਿਅਰਾਂ ਵਿਚ
'ਕੁਲਜੀਤ' ਜ਼ਿਕਰ ਬਸ ਤੇਰਾ ਹੈ,
ਉਹ ਤੂੰਹੀਓਂ ਹੈਂ ਕੋਈ ਹੋਰ ਨਹੀਂ
ਇਕ ਕਾਬਿਲ ਸਿਨਫ਼ ਅਮੀਰ ਏਂ ਤੂੰ ॥

## 25.
## ਅਸੀਂ ਸ਼ੌਕੀਨ ਮਿੱਠੇ ਦੇ ਮਿਠਾਈਆਂ ਖਾ ਲਿਆ ਸਾਨੂੰ

ਅਸੀਂ ਸ਼ੌਕੀਨ ਮਿੱਠੇ ਦੇ ਮਿਠਾਈਆਂ ਖਾ ਲਿਆ ਸਾਨੂੰ ।
ਤੂੰ ਮਿੱਠੀਆਂ ਗੋਲ਼ੀਆਂ ਪਾ ਕੇ ਜਿਵੇਂ ਭਰਮਾ ਲਿਆ ਸਾਨੂੰ ।।

ਅਸੀਂ ਹੱਡ- ਮਾਸ ਦੇ ਪੁਤਲੇ ਕਿੰਨਾ ਚਿਰ ਬਚ ਕੇ ਰਹਿ ਜਾਂਦੇ,
ਤੇਰੇ ਨੈਣਾਂ ਦੇ ਤੀਰਾਂ ਨੇ ਤਾਂ ਆਖ਼ਿਰ ਢਾਹ ਲਿਆ ਸਾਨੂੰ ।।

ਇਹ ਰਿਸ਼ਤਾ ਸੀ ਮੁਹੱਬਤ ਦਾ ਤੂੰ ਕੀਤਾ ਵੀ ਤਾਂ ਕੀ ਕੀਤਾ,
ਕਦੇ ਵਰਚਾ ਲਿਆ ਸਾਨੂੰ, ਕਦੇ ਤੜਫਾ ਲਿਆ ਸਾਨੂੰ ।।

ਅਸੀਂ ਮਰਜ਼ੀ ਦੇ ਮਾਲਕ ਹਾਂ, ਕੋਈ ਬੇਜਾਨ ਜਾਇਦਾਦ ਨਹੀਂ,
'ਤੇ ਫਿਰ ਦੱਸੀਂ ਤੂੰ ਅਪਣੇ ਨਾਂ ਕਿਵੇਂ ਲਿਖਵਾ ਲਿਆ ਸਾਨੂੰ ?

ਤੂੰ ਬਸ ਹੁਣ ਸਮਝ ਕੇ ਝੱਲੇ ਇਸ਼ਕ ਤੋਂ ਬਾਜ ਨ੍ਹੀਂ ਆਉਣੇ,
ਤੂੰ ਮਿੱਠੀ ਚਾਸ਼ਨੀ ਪਾ-ਪਾ ਬਿਸ਼ੱਕ ਸਮਝਾ ਲਿਆ ਸਾਨੂੰ ।।

ਅਸੀਂ ਠੱਗੇ ਗਏ ਆਖਿਰ ਕਿ ਖਿੱਚ ਏਨੀ ਸੀ ਮਿੱਠੇ ਦੀ,
ਕਹੇ ਦੋ ਬੋਲ ਉਸ ਮਿੱਠੇ ਤੇ ਪਿੱਛੇ ਲਾ ਲਿਆ ਸਾਨੂੰ ।।

## 26.
## ਦੱਸ ਕੀਹਦੇ ਮੋਢੇ ਤੇ ਸਿਰ ਧਰ ਕੇ ਮੈਂ ਰੋਇਆ ਕਰਾਂ

ਦੱਸ ਕੀਹਦੇ ਮੋਢੇ ਤੇ ਸਿਰ ਧਰ ਕੇ ਮੈਂ ਰੋਇਆ ਕਰਾਂ ?
ਗੱਲ ਤੇਰੇ ਤੁਰ ਜਾਣ ਦੀ ਕਿਸ ਆਸਰੇ ਛੋਹਿਆ ਕਰਾਂ ?

ਸਾਥ ਤੇਰਾ ਹੀ ਰਹੇ ਬਸ ਹਰ ਜਗ੍ਹਾ ਤੇ ਹਰ ਸਮੇਂ,
ਕੋਲ ਤੂੰ ਮੇਰੇ, ਤੇ ਤੇਰੇ ਕੋਲ ਮੈਂ ਹੋਇਆ ਕਰਾਂ ॥

ਹੋਸ਼ ਹੈ, ਨਾ ਆਸ ਹੈ, ਨਾ ਹੈ ਸਬਰ, ਨਾ ਚੈਨ ਹੈ,
ਫਿਰ ਕਿਵੇਂ ਬਹਿ ਕੇ ਤ੍ਰਿੰਞਣੀਂ ਗੀਤ ਮੈਂ ਛੋਹਿਆ ਕਰਾਂ ?

ਕਰ ਉਡੀਕਾਂ ਤੇਰੀਆਂ, ਦੇ ਦੇ ਦਿਲਾਸੇ ਦਿਲ ਨੂੰ ਮੈਂ,
ਕਿੰਨੀ ਕੁ ਵਾਰ ਜੀਵਾਂ ਤੇ ਦੱਸ ਕਿੰਨੀ ਕੁ ਵਾਰ ਮੋਇਆ ਕਰਾਂ ?

ਮੈਂ 'ਗ਼ਜ਼ਲ' ਵਰਗਾ ਬਦਨ 'ਤੇ ਦੁੱਖ ਭਾਰਾ ਪਰਬਤੋਂ
ਦਿਲ 'ਤੇ ਕਿੰਞ ਝੱਲਿਆ ਕਰਾਂ ? ਸਿਰ ਤੇ ਕਿਵੇਂ ਢੋਇਆ ਕਰਾਂ ?

## 27.
## ਮੈਂ ਬਹਿ ਗਈ ਹਾਂ ਹਾਰ ਕੇ ਨੈਣਾ ਨੂੰ ਗਾਲ ਕੇ

ਮੈਂ ਬਹਿ ਗਈ ਹਾਂ ਹਾਰ ਕੇ ਨੈਣਾ ਨੂੰ ਗਾਲ ਕੇ,
ਜ਼ਾਲਮ ਉਹ ਤੁਰ ਗਿਆ ਮੇਰੇ ਹਾਸੇ ਸੁਆਲ ਕੇ ॥

ਕੀਤਾ ਹੈ ਇਸ਼ਕ ਹੀ ਤਾਂ ਕੀਤਾ ਕੀ ਮੈਂ ਗੁਨਾਹ ?
ਹੁਣ ਮੌਤ ਵੀ ਹੈ ਵੇਖਦੀ ਅੱਖਾਂ ਨਿਕਾਲ ਕੇ ॥

ਇਸ ਮੇਰੀ ਸਾਦਗੀ ਤੋਂ ਉਹ ਹਾਲੇ ਵੀ ਖੁਸ਼ ਨਹੀਂ,
ਵਿੰਹਦਾ ਹੈ ਬਾਰ ਬਾਰ ਉਹ ਮੈਨੂੰ ਹੰਘਾਲ ਕੇ ॥

ਇਹ ਲੋਕ ਤੇਰੇ ਸ਼ਹਿਰ ਦੇ ਕਿੰਨੇ ਬੇਦਰਦ ਨੇ !
ਪੁੱਛਦੇ ਦੇ ਹਾਲ ਆਪ ਹੀ ਮਹੁਰਾ ਪਿਆਲ ਕੇ ॥

ਈ. ਮੇਲ ਤੇ, ਨਾ ਤਾਰ ਵਿੱਚ, ਖਤ ਵਿੱਚ, ਨਾ ਫੋਨ ਤੇ,
ਦਿਲ ਦੀ ਕਹਿਣੀ ਓਸ ਨੂੰ ਮੂਹਰੇ ਬਿਠਾਲ ਕੇ ॥

ਇਸ ਇਸ਼ਕ ਜਿਹਾ ਜਾਲਮ ਨਾ ਕੋਈ ਜਹਾਨ ਤੇ,
ਖੁਸ਼ ਹੁੰਦਾ ਬੰਦੇ ਤਾਂਈ ਇਹ ਦੇਗੀਂ ਉਬਾਲ ਕੇ ॥

ਮਿੱਤਰਾਂ ਨੂੰ ਆਪ ਹੀ ਮੈਂ ਸਿਰ ਤੇ ਚੜ੍ਹਾ ਲਿਆ,
ਤੱਕਦੇ ਨਾ ਗ਼ੈਰ ਆਪਣੀਆਂ ਨਜ਼ਰਾਂ ਉਠਾਲ ਕੇ ॥

ਤੇਰੀ ਨਿਸ਼ਾਨੀ ਆਖਰੀ ਇਹ ਮੇਰੇ ਕੋਲ ਹੈ,
ਮੈਂ ਜੀਅ ਰਹੀ ਹਾਂ ਗਮ ਤੇਰਾ ਸ਼ਬਦਾਂ 'ਚ ਢਾਲ ਕੇ ॥

## 28.
## ਪਿਆਰ ਉਹ ਜਿਸਦੇ ਨਾਲ ਕਰੇਗਾ

ਪਿਆਰ ਉਹ ਜਿਸਦੇ ਨਾਲ ਕਰੇਗਾ,
ਉਸਨੂੰ ਮਾਲਾਮਾਲ ਕਰੇਗਾ ॥

ਅੱਖਾਂ ਨਾਲ ਹਲਾਲ ਕਰੇਗਾ,
ਕਾਤਿਲ ਇਉਂ ਕਮਾਲ ਕਰੇਗਾ ॥

ਦੌਲਤ ਨਹੀਂ ਉਹ ਤੱਕਦਾ ਉਸਦੀ,
ਪਿਆਰ ਉਹ ਜਿਸਦੇ ਨਾਲ ਕਰੇਗਾ ॥

ਮੇਰੇ ਸਿਰ ਤੇ ਹੱਥ ਹੈ ਤੇਰਾ,
ਕੌਣ ਜੋ ਵਿੰਗਾ ਵਾਲ ਕਰੇਗਾ ?

ਭੁੱਖਾ ਨੰਗਾ ਨੇਤਾ ਬਣਕੇ,
ਖ਼ੁਦ ਨੂੰ ਮਾਲਾਮਾਲ ਕਰੇਗਾ ॥

ਡੁੱਬਿਆ ਹੈ ਜੋ ਨਸ਼ਿਆਂ ਅੰਦਰ,
ਧੀ ਦਾ ਕੀ ਖ਼ਿਆਲ ਕਰੇਗਾ ?

ਕਰਜ਼ੇ ਵਿੱਚ ਡੁੱਬਿਆ ਅੰਨ- ਦਾਤਾ,
ਦੇਸ਼ ਕਿੰਵੇ ਖੁਸ਼ਹਾਲ ਕਰੇਗਾ ?

ਮੇਰੀ ਮੌਤ ਦੇ ਪਿੱਛੋਂ ਉਹ ਵੀ,
ਨਿੱਤ ਗ਼ਜ਼ਲ ਦੀ ਭਾਲ ਕਰੇਗਾ ॥

## 29.
## ਆਤਮਾ ਪਰਮਾਤਮਾ ਕੁਦਰਤੀ ਰਹੱਸ ਹੈ

ਆਤਮਾ ਪਰਮਾਤਮਾ ਕੁਦਰਤੀ ਰਹੱਸ ਹੈ,
ਬੇਸ਼ੁਮਾਰ ਗਿਆਨ- ਵਿਗਿਆਨ ਵੀ ਬੇਵੱਸ ਹੈ ॥

ਉਹ ਜਹਾਂ- ਵਹਾਂ ਹੈ, ਹਾਜਰਾ ਹਜੂਰ ਏ,
ਰੱਬ ਹੈ, ਜ਼ਰੂਰ ਹੈ, ਰੱਬ ਦਾ ਹੀ ਜੱਸ ਹੈ ॥

ਮੋਹ ਦੇ, ਮਾਇਆ ਦੇ, ਤੱਪ ਦੇ ਨਾ ਜਪ ਦੇ,
ਉਹ ਜਿਸਦੇ ਹੀ ਵੱਸ ਹੈ, ਉਹ ਉਸਦੇ ਹੀ ਵੱਸ ਹੈ ॥

ਆਉਣ- ਜਾਣ ਘੋਰ ਤੂਫ਼ਾਨ ਕੀ, ਹਨੇਰ ਕੀ,
ਰੱਬ ਦਾ ਬਿਮਾਰ ਹੈ, ਟੱਸ ਤੋਂ ਨਾ ਮੱਸ ਹੈ ॥

ਸਾਕ ਸਭ ਹੀ ਖ਼ਾਕ ਨੇ, ਚਲਦਿਆਂ ਦੇ ਗਾਹਕ ਨੇ,
ਆਸਰਾ ਹੈ ਰੱਬ ਦਾ, ਜੱਗ ਦਾ ਤਾਂ ਝੱਸ ਹੈ ॥

ਕਮਾਲ ਹੈ, ਵਿਸ਼ਾਲ ਹੈ, ਇੱਕ ਦੀ ਅਨੇਕਤਾ,
ਮਾਂ-ਪਿਓ, ਭਰਾ, ਪਤੀ, ਭੈਣ, ਧੀ ਤੇ ਸੱਸ ਹੈ ॥

ਊਚ- ਨੀਚ, ਗ਼ੈਰ ਤੇ ਯਾਰ ਨੂੰ ਵੀ ਪਿਆਰ ਕਰ,
ਪ੍ਰੇਮ ਬਾਝ ਜ਼ਿੰਦਗੀ ਬੱਸ ਖੇਹ- ਭੱਸ ਹੈ ॥

## 30.
## ਤੇਰੇ ਦੇਸ਼ ਵਿੱਚ ਕੱਲੀ ਜਾਨ ਪਰਾਈ ਹਾਂ

ਤੇਰੇ ਦੇਸ਼ ਵਿੱਚ ਕੱਲੀ ਜਾਨ ਪਰਾਈ ਹਾਂ।
ਆਪਣਾ ਪਿਆਰ ਗੁਆਚਾ ਲੱਭਣ ਆਈ ਹਾਂ॥

ਸਿਰ ਦਾ ਤਾਜ ਮੇਰਾ ਤਾਂ ਦੇਸ਼ ਬਿਗਾਨੇ ਹੈ,
ਮੈਂ ਜਨਮਾਂ ਤੋਂ ਉਸਦੇ ਨਾਲ ਵਿਆਹੀ ਹਾਂ॥

ਆਪਣੇ- ਆਪ ਨਾ ਜਾਣਾ ਉੱਡਣਾ- ਤਰਨਾ ਮੈਂ,
ਇਸ਼ਕ ਸਹਾਰੇ ਦੇਸ਼ ਤੇਰੇ ਨੂੰ ਆਈ ਹਾਂ॥

ਹੁਕਮ ਤੇਰੇ ਦੀ ਬੱਧੀ ਹੀ ਮੁੜ ਜਾਵਾਂਗੀ,
ਇਸ਼ਕ ਤੇਰੇ ਦੀ ਬੱਧੀ ਬੱਧੀ ਆਈ ਹਾਂ॥

ਤੇਰੇ ਬਦਲੇ ਮਾਪੇ, ਮਿੱਟੀ ਤੇ ਸਖੀਆਂ,
ਘਰ ਦੀਆਂ ਕੰਧਾਂ ਰੋਂਦੀਆਂ ਹੀ ਛੱਡ ਆਈ ਹਾਂ॥

ਛੇਤੀ ਬਹੁੜ ਮਸੀਹਾ ਸੁੱਕੀ ਜਾਨ ਮੇਰੀ,
ਸਦੀਆਂ ਤੋਂ ਮੈਂ ਭੁੱਖੀ ਤੇ ਤਿਰਹਾਈ ਹਾਂ॥

ਗਲ਼ ਲਾਵੀਂ ਤੇ ਜਾਂ ਫਿਰ ਸੂਲੀ ਚਾੜ ਦੇਈਂ,
ਆਪਣਾ ਪੂਰਾ ਆਪਾ ਨਾਲ ਲਿਆਈ ਹਾਂ॥

ਖੂਨ ਮੇਰੇ ਸੰਗ ਰੰਗੇ ਜਾਣੇ ਫ਼ਰਸ਼ ਤੇਰੇ,
ਮੈਂ ਸੂਲਾਂ ਤੇ ਨੱਚਦੀ-ਨੱਚਦੀ ਆਈ ਹਾਂ॥

ਲਿਖ ਕੇ 'ਗ਼ਜ਼ਲ' ਮੈਂ ਤੇਰਾ ਕਰਜ਼ਾ ਲਾਹੁਣਾ ਹੈ,
ਪਿਆਰ ਤੇਰੇ ਦੀ ਮੈਂ ਸੱਜਣਾ ਕਰਜਾਈ ਹਾਂ ॥

## 31.
## ਨਾ ਰੱਬ ਮੰਦਰੀਂ, ਨਾ ਰੱਬ ਮੱਕੇ

ਨਾ ਰੱਬ ਮੰਦਰੀਂ, ਨਾ ਰੱਬ ਮੱਕੇ,
ਐਵੇਂ ਜੰਗਲੀਂ ਖਾ ਨਾ ਧੱਕੇ ॥

ਜ਼ਿੰਦਗੀ ਸਾਡੀ ਤਾਸ਼ ਦੇ ਪੱਤੇ,
ਸਾਡੀਆਂ ਦੁੱਕੀਆਂ ਤੇਰੇ ਯੱਕੇ ॥

ਤੇਰੀ ਇੱਜ਼ਤ ਹਾਂ ਮੈਂ ਸੱਜਣਾ,
ਐਵੇਂ ਮੈਨੂੰ ਦੇ ਨਾ ਧੱਕੇ ॥

ਔਰਤ-ਮਰਦ ਇਵੇਂ ਨੇ ਦੋਵੇਂ,
ਜੀਵਨ ਗੱਡੀ ਦੇ ਦੋ ਚੱਕੇ ॥

ਸਭ ਤੋਂ ਵੱਡਾ ਦੁਸ਼ਮਣ ਮੇਰਾ,
ਪਿਆਰ ਕਰਨ ਤੋਂ ਜਿਹੜਾ ਡੱਕੇ ॥

ਜਿਸਦੀ ਦਿੱਤੀ ਦੁਨੀਆਂ ਖਾਂਦੀ,
ਜੱਟ ਵਿਚਾਰਾ ਧੂੜਾਂ ਫੱਕੇ ॥

ਜਿੱਥੇ ਆਖੇਂ ਜੀਵਨ ਹਾਜ਼ਿਰ,
ਵੇਖ ਅਸਾਡੇ ਵਾਅਦੇ ਪੱਕੇ ॥

ਹੰਝੂਆਂ ਦੇ ਹੜ੍ਹ ਮੁੱਕਣ ਨਾਹੀਂ,
ਰਾਤੀਂ ਉੱਠ-ਉੱਠ ਮੋੜਾਂ ਨੱਕੇ ॥

ਪੀੜ ਗ਼ਜ਼ਲ ਫਿਰ ਜਰ ਕਿੰਵ ਹੋਵੇ ?
ਗ਼ੈਰ ਜਦੋਂ ਹੋ ਜਾਵਣ ਸੱਕੇ ॥

**32.**

## ਇਸ਼ਕ ਦੇ ਰਾਹੇ ਪੈਰ ਧਰੀਂ ਨਾ

ਇਸ਼ਕ ਦੇ ਰਾਹੇ ਪੈਰ ਧਰੀਂ ਨਾ,
ਪੈਰ ਜੇ ਧਰਿਆ ਫੇਰ ਡਰੀਂ ਨਾ ॥

ਦਰਦ ਹੀ ਮਿਲਿਆ, ਦਰਦ ਮਿਲੇਗਾ,
ਦਰਦ 'ਚ ਤੱਤੀ ਆਹ ਭਰੀਂ ਨਾ ॥

ਅੰਤ ਨੂੰ ਪੈ ਜੇ ਉਮਰ ਦਾ ਰੋਣਾ,
ਪਿਆਰ 'ਚ ਏਡੀ ਭੁੱਲ ਕਰੀਂ ਨਾ ॥

ਇਸ਼ਕ ਫ਼ਕੀਰੀ ਰਾਹ ਦਾ ਪੈਂਡਾ,
ਮੁੜ ਕੇ ਮੁੜਨਾ ਫੇਰ ਘਰੀਂ ਨਾ ॥

ਸ਼ਾਂਤ ਪਏ ਨੂੰ ਲੋਕ ਜੇ ਛੇੜਣ,
ਫੇਰ ਕਿਸੇ ਦੀ ਗੱਲ ਜਰੀਂ ਨਾ ॥

ਦੇਸ਼ ਬਿਗਾਨੇ ਕੋਈ ਨਾ ਤੇਰਾ,
ਸੱਤ ਸਮੁੰਦਰ ਪਾਰ ਕਰੀਂ ਨਾ ॥

ਉਮਰ 'ਚ ਇੱਕੋ ਵਾਰ ਹੈ ਮਰਨਾ,
ਵਿੱਤ-ਕਲੱਤੀ ਮੌਤ ਮਰੀਂ ਨਾ ॥

ਏਸ ਜ਼ਮਾਨੇ ਨਾਲ 'ਗ਼ਜ਼ਲ' ਤੂੰ,
ਜਿਗਰ ਦਾ ਹੌਲਾ ਭਾਰ ਕਰੀਂ ਨਾ ॥

## 33.
## ਸੱਜਣਾ ਐਸੀ ਬੋਲੀ ਮਾਰੀ ਕਰਕੇ ਤਰੇੜੋ- ਤਰੇੜ ਗਏ ਨੇ

ਸੱਜਣਾ ਐਸੀ ਬੋਲੀ ਮਾਰੀ ਕਰਕੇ ਤਰੇੜੋ- ਤਰੇੜ ਗਏ ਨੇ ।
ਜਾਂਦੇ-ਜਾਂਦੇ ਸਾਡੇ ਦਿਲ ਦਾ ਦੁਖਦਾ ਫੋੜਾ ਛੇੜ ਗਏ ਨੇ ॥

ਸਾਨੂੰ ਆਪਣਾ ਹਾਂਡੀ ਮੰਨ ਕੇ, ਸਾਡੇ ਨਾਲ ਹੀ ਰੋਂਦ ਮਾਰਿਆ,
ਸੱਤ ਜਨਮਾਂ ਦੀ ਖੇਡ ਜੋ ਛੋਹੀ ਇੱਕ ਪਲ ਵਿੱਚ ਨਬੇੜ ਗਏ ਨੇ ॥

ਆਪੇ ਮੋੜ- ਮੁੜਾਈ ਕਰ ਗਏ, ਆਪੇ ਤੋੜ- ਤੁੜਾਈ ਕਰ ਗਏ,
ਸਾਡੇ ਨੈਣਾਂ ਵਾਲੀਆਂ ਟਿੰਡਾਂ ਲੰਮੇਂ ਗੇੜੇ ਗੇੜ ਗਏ ਨੇ ॥

ਤੰਦਾਂ ਸੁੱਚੇ ਇਸ਼ਕ ਵਾਲੀਆਂ ਆਪਣੇ ਹੱਥੀਂ ਜੋ ਸਨ ਬੁਣੀਆਂ,
ਸੋਹਣੇ ਮੁੜ ਕੇ ਇੱਕ-ਇੱਕ ਕਰਕੇ ਦੰਦੀਆਂ ਨਾਲ ਉਧੇੜ ਗਏ ਨੇ ॥

ਜਦ ਵੀ ਮਿਲੇ, ਮਿਲੇ ਨੇ ਸਾਨੂੰ ਹਾਦਸਿਆਂ ਦੇ ਵਾਂਗਰ ਹੀ ਉਹ,
ਸਾਡੇ ਦਰਦਾਂ ਨੂੰ ਹਰ ਵਾਰੀਂ ਖਿੱਲਾਂ ਵਾਂਗਰ ਖੇੜ ਗਏ ਨੇ ॥

ਬਦਲਣ ਨਿੱਤ ਉਹ ਰੁੱਤਾਂ ਵਾਂਗਰ, ਆਪਾਂ ਨਿਭੀਏ ਰੁੱਖਾਂ ਵਾਂਗਰ,
ਸਾਡੀ ਗੋਡੀ ਕਰਨ ਬਹਾਨੇ, ਸਾਨੂੰ ਜੜੋਂ ਉਖੇੜ ਗਏ ਨੇ ॥

ਉਹਦੀ ਦਿੱਤੀ ਮੌਤੇ ਮੁੱਕਦੀ ਸਾਡੀ ਜਾਂ ਲਬਾਂ ਤੇ ਨੱਚੇ,
ਸਾਨੂੰ ਪਿੱਠ ਪਿੱਛੋਂ ਦੇ ਧੱਕਾ, ਉੱਚੇ ਥਾਵੋਂ ਰੇੜ੍ਹ ਗਏ ਨੇ ॥

## 34.
## ਤੱਤੀਆਂ ਵਗਣ ਹਵਾਵਾਂ ਤੇਰੇ ਸ਼ਹਿਰ ਅੰਦਰ

ਤੱਤੀਆਂ ਵਗਣ ਹਵਾਵਾਂ ਤੇਰੇ ਸ਼ਹਿਰ ਅੰਦਰ,
ਫਿਰ ਵੀ ਆਵਾਂ- ਜਾਵਾਂ ਤੇਰੇ ਸ਼ਹਿਰ ਅੰਦਰ ॥

ਸਭ ਸਰਕਾਰੀ ਥਾਵਾਂ ਤੇਰੇ ਸ਼ਹਿਰ ਅੰਦਰ,
ਮੱਲੀਆਂ ਇੱਲਾਂ- ਕਾਵਾਂ ਤੇਰੇ ਸ਼ਹਿਰ ਅੰਦਰ ॥

ਹੱਕ ਮੰਗਣ ਜਦ ਜਾਵਾਂ ਤੇਰੇ ਸ਼ਹਿਰ ਅੰਦਰ,
ਸੌ-ਸੌ ਡੰਡੇ ਖਾਵਾਂ ਤੇਰੇ ਸ਼ਹਿਰ ਅੰਦਰ ॥

ਹਰ ਗੱਡੀ ਦਾ ਚਾਲਕ ਲੱਗਦਾ ਕਾਤਿਲ ਹੈ,
ਕਿਹੜੇ ਰਾਹੇ ਜਾਵਾਂ ਤੇਰੇ ਸ਼ਹਿਰ ਅੰਦਰ ॥

ਜਦ ਵੀ ਜਾਈਏ ਤਾਂ ਦਮ ਘੁੱਟਣ ਲਗਦਾ ਏ,
ਰੁੱਖ ਹੈ ਟਾਵਾਂ- ਟਾਵਾਂ ਤੇਰੇ ਸ਼ਹਿਰ ਅੰਦਰ ॥

ਇੰਚ-ਇੰਚ ਤੇ ਉੱਗੇ ਹੋਏ ਨੇ ਕਿੱਲ ਏਥੇ,
ਕਿਦਾਂ ਪੱਬ ਟਿਕਾਵਾਂ ਤੇਰੇ ਸ਼ਹਿਰ ਅੰਦਰ

ਹਰ ਕੋਈ ਤੀਰਾਂ-ਭੱਥੇ ਚੁੱਕੀ ਫਿਰਦਾ ਏ,
ਖੁਦ ਨੂੰ ਕਿੰਵੇਂ ਬਚਾਵਾਂ ਤੇਰੇ ਸ਼ਹਿਰ ਅੰਦਰ ॥

ਲਾਲ ਭੰਬੀਰੀ ਵਾਲੀਆਂ ਚਿੱਟੀਆਂ ਕਾਰਾਂ ਤੇ,
ਤੁਰੀਆਂ ਫਿਰਨ ਬਲਾਵਾਂ ਤੇਰੇ ਸ਼ਹਿਰ ਅੰਦਰ ॥

ਮੂੰਹ- ਮਨੇਰ੍ਹੇ ਤੋਂ ਮਜਦੂਰੀ ਕਰਦਿਆਂ ਨੂੰ,
ਢਲ ਜਾਂਦਾ ਪਰਛਾਵਾਂ ਤੇਰੇ ਸ਼ਹਿਰ ਅੰਦਰ ॥

ਸ਼ੋਰ- ਸ਼ਰਾਬਾ ਸੰਘੀ ਮੇਰੀ ਘੁੱਟ ਦਿੰਦਾ,
ਕਿੱਦਾਂ ਢੋਲੇ ਗਾਵਾਂ ਤੇਰੇ ਸ਼ਹਿਰ ਅੰਦਰ ॥

ਹੋ ਜਾਵਾਂ ਮੈਂ ਅੰਨ੍ਹੀ, ਬੋਲੀ, ਗੂੰਗੀ ਜਾਂ
ਨਹੀਂ ਤਾਂ ਸਿਰ ਕਟਵਾਵਾਂ ਤੇਰੇ ਸ਼ਹਿਰ ਅੰਦਰ ॥

ਡਰਦੀ ਹਾਂ ਜਦ ਨਜ਼ਰ ਆਵਣ 'ਕੁਲਜੀਤ ਗ਼ਜ਼ਲ',
ਥਾਂ- ਥਾਂ ਦੁਰਘਟਨਾਵਾਂ ਤੇਰੇ ਸ਼ਹਿਰ ਅੰਦਰ ॥

## 35.
## ਮੁਹੱਬਤ ਦੌਲਤਾਂ ਸਿਰ ਤੇ ਕਦੇ ਮਿਲਦੀ ਨਹੀਂ ਹੁੰਦੀ

ਮੁਹੱਬਤ ਦੌਲਤਾਂ ਸਿਰ ਤੇ ਕਦੇ ਮਿਲਦੀ ਨਹੀਂ ਹੁੰਦੀ।
ਕਿਸੇ ਕੀਮਤ ਬਰਾਬਰ ਵੀ ਕਦੇ ਤੁਲਦੀ ਨਹੀਂ ਹੁੰਦੀ॥

ਉਮਰ ਸਾਰੀ ਹੀ ਜਿਸ ਦਿਲ ਨੇ ਜ਼ਖਮ ਝੱਲੇ ਹੋਏ ਹੋਵਣ,
ਤਸੱਲੀ ਫਿਰ ਕਿਸੇ ਮਰਹਮ ਤੋਂ ਵੀ ਮਿਲਦੀ ਨਹੀਂ ਹੁੰਦੀ॥

ਜੇ ਹੋਇਆ ਕਹਿਰ ਹੈ ਕੋਈ, ਇਹਦੇ ਵਿਚ ਦੋਸ਼ ਕੀ ਮੇਰਾ ?
ਜਵਾਨੀ ਕਹਿਰ ਢਾਹੇ ਬਿਨ ਕਦੇ ਢਲਦੀ ਨਹੀਂ ਹੁੰਦੀ॥

ਉਹ ਜੋ ਚਾਹੇ ਉਹ ਹੁੰਦਾ ਏ, ਅਦਾ ਰੱਬ ਦੀ ਨਿਰਾਲੀ ਹੈ,
ਉਹਦੇ ਅੱਗੇ ਕਿਸੇ ਦੀ ਵੀ ਰਤਾ ਚਲਦੀ ਨਹੀਂ ਹੁੰਦੀ॥

ਕਿਉਂ ਕਰਦੇ ਹੋ ਸ਼ੱਕ ਐਵੇਂ ਮੇਰੀ ਚੰਚਲ ਜਵਾਨੀ ਤੇ ?
ਕਿ ਸ਼ੱਕ ਦੇ ਸਾਏ ਦੇ ਹੇਠਾਂ ਵਫ਼ਾ ਪਲਦੀ ਨਹੀਂ ਹੁੰਦੀ॥

ਖੁਸ਼ੀ ਹੈ ਚੀਜ਼ ਵੰਡਣ ਦੀ ਇਹ ਵੰਡਿਆਂ ਹੋਰ ਵਧਦੀ ਹੈ,
ਬਿਨਾ ਦਿੱਤੇ, ਬਿਨਾ ਵੰਡੇ ਖੁਸ਼ੀ ਮਿਲਦੀ ਨਹੀਂ ਹੁੰਦੀ॥

ਕਿਉਂ ਦੋਹਾਂ 'ਚ ਹਰ ਗੱਲ ਹੀ ਬਿਨਾ ਤਕਰਾਰ ਨਹੀਂ ਮੁੱਕਦੀ
ਤੇਰੇ ਦਿਲ ਦੀ ਜੋ ਹੁੰਦੀ ਹੈ ਮੇਰੇ ਦਿਲ ਦੀ ਨਹੀਂ ਹੁੰਦੀ॥

ਬੜੀ ਡਾਹਢੀ ਕਮੀ ਤੇਰੀ, ਉਮਰ ਦੀ ਹੈ ਗ਼ਮੀ ਮੇਰੀ,
ਗ਼ਮੀ ਇਹ ਦਿਨ, ਮਹੀਨੇ ਦੀ ਜਾਂ ਕੁਝ ਪਲ ਦੀ ਨਹੀਂ ਹੁੰਦੀ॥

ਪਵੇ ਚੜ੍ਹਨਾ ਵੀ ਸੂਲੀ ਤੇ ਜਾਂ ਪੀਣਾ ਜ਼ਹਿਰ ਪੈ ਜਾਏ,
ਕਦੇ ਵੀ ਇਸ਼ਕ ਦੇ ਰਾਹੋਂ 'ਗ਼ਜ਼ਲ' ਟਲਦੀ ਨਹੀਂ ਹੁੰਦੀ ॥

## 36.
## ਤੇਰੀ ਦੀਵਾਨੀ ਹਾਂ ਪਰਖੀਂ ਤੂੰ ਪਿਆਰ ਮੇਰਾ

ਤੇਰੀ ਦੀਵਾਨੀ ਹਾਂ ਪਰਖੀਂ ਤੂੰ ਪਿਆਰ ਮੇਰਾ,
ਇਹ ਵਾਅਦੇ ਸੱਚੇ ਨੇ, ਸੱਚਾ ਇਕਰਾਰ ਮੇਰਾ ॥

ਦੋਵੇਂ ਹੀ ਜਖ਼ਮੀ ਸੀ, ਤੇਰੇ ਤੁਰ ਜਾਣ ਸਮੇ,
ਝੂਠਾ ਇਕਰਾਰ ਤੇਰਾ, ਇੱਕ ਤਰਫਾ ਪਿਆਰ ਮੇਰਾ ॥

ਜਿੱਥੇ ਹੌਂਕੇ ਸੁਣਦੇ ਨਾ, ਪੁੱਜਦੀ ਕੂਕ ਨਹੀਂ,
ਉਹ ਦੂਰ ਕਿਤੇ ਵੱਸਦਾ ਸੋਹਣਾ ਦਿਲਦਾਰ ਮੇਰਾ ॥

ਇੱਕ ਵਾਰ ਖ਼ੁਦਾ ਬਣ ਕੇ ਮੇਰਾ ਪਿਆਰ ਮਿਲਾ ਮੈਨੂੰ,
ਬਿਨ ਓਹਦੇ ਸੁੰਨਾ ਹੈ ਦਿਲ ਦਾ ਗੁਲਜ਼ਾਰ ਮੇਰਾ ॥

ਹੈ ਔਸ ਕਿਨਾਰੇ ਤੇ ਮੇਰਾ ਚੰਨ ਮਲਾਹਾ ਵੇ,
ਤੇਰਾ ਵੱਸਦਾ ਰਹੇ ਚੱਪੂ ਬੇੜਾ ਕਰ ਪਾਰ ਮੇਰਾ ॥

ਕਿੰਨਾ ਬੇਦਰਦੀ ਹੈ, ਪਰਦੇਸੀ ਮਾਹੀ ਨੀ,
ਫਿਰ ਲਾਹ ਕੇ ਤੁਰ ਚੱਲਿਆ, ਬਾਹਾਂ ਦਾ ਹਾਰ ਮੇਰਾ ॥

ਮੁੜ ਆ ਜਾਹ ਵਤਨਾਂ ਨੂੰ 'ਕੁਲਜੀਤ ਗ਼ਜ਼ਲ' ਆਖੇ,
ਤੇਰੇ ਬਿਨ ਸੁੰਨਾ ਹੈ ਸਾਰਾ ਸੰਸਾਰ ਮੇਰਾ ॥

## 37.
## ਚੋਗ ਚੁਗਦੇ ਹੀ ਪਿੰਜਰੇ 'ਚ ਫਸ ਜਾਣਗੇ, ਇਹ ਪਰਿੰਦੇ ਸਿਆਸਤ ਨਹੀਂ ਜਾਣਦੇ

ਚੋਗ ਚੁਗਦੇ ਹੀ ਪਿੰਜਰੇ 'ਚ ਫਸ ਜਾਣਗੇ,
ਇਹ ਪਰਿੰਦੇ ਸਿਆਸਤ ਨਹੀਂ ਜਾਣਦੇ।
ਚੋਗ ਹੈ ਜਾਂ ਗੁਲਾਮੀ ਦਾ ਆਗਾਜ਼ ਹੈ,
ਇਹ ਵਿਚਾਰੇ ਹਕੀਕਤ ਨਹੀਂ ਜਾਣਦੇ ॥

ਬਹੁਤ ਮਾਸੂਮ ਨੇ ਗਾਹਕ ਇਸ ਸ਼ਹਿਰ ਦੇ,
ਜ਼ਹਿਰ ਨੂੰ ਹੀ ਸਮਝਣ ਹੈ ਗੁੜ ਦੀ ਡਲੀ
ਭੰਗ ਦੇ ਭਾੜੇ ਆਪਾ ਲੁਟਾ ਆਉਣ ਇਹ,
ਲੋਟੂਆਂ ਦੀ ਸ਼ਰਾਰਤ ਨਹੀਂ ਜਾਣਦੇ ॥

ਹੱਕ ਵਿਹੂਣਾ ਤੇ ਲੋੜਾਂ-ਥੁੜਾਂ ਡੁੰਗਿਆ,
ਅੰਨ- ਦਾਤਾ ਚੜ੍ਹੇ ਭੁੱਖ ਦੀ ਸੂਲ ਤੇ,
ਭਰ ਪਰਾਤਾਂ ਇਹ ਜਮਦੂਤ ਛਕਦੇ ਪਏ,
ਪਰ ਸਮੇਂ ਦੀ ਬਗ਼ਾਵਤ ਨਹੀਂ ਜਾਣਦੇ ॥

ਜੋ ਜਲਾ ਸਕਦਾ ਜ਼ਾਲਮ ਹਕੂਮਤ ਦੇ ਪਰ,
ਖ਼ੂਨ ਸਾਡੇ ਰਗੀਂ ਵੀ ਗਰਮ ਕਹਿਰ ਦਾ
ਬਦਨਸੀਬੀ ਹੈ ਸਾਡੀ ਗ਼ਰੀਬੀ ਬਣੀ,
ਇਹ ਨਾ ਸਮਝੋ ਬਗ਼ਾਵਤ ਨਹੀਂ ਜਾਣਦੇ ॥

ਇਹ ਜੋ ਕਹਿੰਦੇ ਕਹਾਉਂਦੇ ਕਲਾਬਾਜ਼ ਨੇ,
ਵੇਖ ਲਈ ਹੈ ਇਨ੍ਹਾਂ ਦੀ ਵੀ ਬਾਜ਼ੀਗਰੀ,
ਮਾਤ ਪਾਉਂਦੇ ਨੇ ਰੱਬ ਦੀ ਵੀ ਕੁਦਰਤ ਨੂੰ ਪਰ
ਟੁੱਟੇ ਦਿਲ ਦੀ ਮੁਰੰਮਤ ਨਹੀਂ ਜਾਣਦੇ ॥

ਪਲ ਘੜੀ ਵਿੱਚ ਮਨੁੱਖਤਾ ਨੂੰ ਕਰ ਦੇਣ ਇਹ
ਬੋਟੀਆਂ- ਬੋਟੀਆਂ, ਚੀਥੜੇ- ਚੀਥੜੇ,
ਦਿਲ ਜਿਗਰ ਵਿਚ ਹੈ ਨਫ਼ਰਤ ਬਾਰੂਦੀ ਭਰੀ,
ਇਹ ਦਰਿੰਦੇ ਮੁਹੱਬਤ ਨਹੀਂ ਜਾਣਦੇ ॥

## 38.
## ਤੇਰੇ ਮੱਥੇ 'ਤੇ ਜੋ ਤਿਲ ਹੈ

ਤੇਰੇ ਮੱਥੇ 'ਤੇ ਜੋ ਤਿਲ ਹੈ।
ਮੈਨੂੰ ਲਗਦਾ ਮੇਰਾ ਦਿਲ ਹੈ॥

ਤੇਰਾ ਮੁਖੜਾ ਸਭ ਤੋਂ ਸੁਹਣਾ,
ਤੇ ਮੁਸਕਾਨ ਵੀ ਇਕ ਮਹਿਫ਼ਿਲ ਹੈ॥

ਬੰਦਾ ਸਮਝੇ ਪੈਰ ਦੀ ਜੁੱਤੀ,
ਨਾਰੀ ਉਲਫ਼ਤ ਦੀ ਮੰਜ਼ਿਲ ਹੈ॥

ਰੱਤ ਪੀਣਾ ਵਹਿਸ਼ੀ ਹੈ ਬਣਿਆ,
ਬੰਦਾ ਬੰਦੇ ਦਾ ਕਾਤਿਲ ਹੈ॥

ਮੈਂ ਦੇਵਾਂਗੀ ਇਸ ਦਾ ਨਿਰਣਾ,
ਮੇਰਾ ਦਿਲ ਕਿਸ ਦੇ ਕਾਬਿਲ ਹੈ॥

ਪਰਦੇ ਅੰਦਰ ਹੁਣ ਨਾ ਰਹਿੰਦੀ,
ਅੱਜ ਦੀ ਔਰਤ ਗਈ ਬਦਲ ਹੈ॥

ਡਾਹਢਾ ਪੱਥਰ ਦਿਲ ਦਾ ਮਾਹੀਆ,
ਜਿਸਮ ਉਹਦਾ ਪਰ ਨਿਰਾ ਮਖ਼ਮਲ ਹੈ॥

ਸੱਚੇ ਪਿਆਰ ਦੀ ਕਦਰ ਕਰਾਂ ਮੈਂ,
ਮੇਰਾ ਨਾਂ 'ਕੁਲਜੀਤ ਗ਼ਜ਼ਲ' ਹੈ ॥

## 39.
## ਆਪ ਬਿਗਾਨੀ ਦੇ ਸੰਗ ਮੌਜਾਂ ਰੋਜ਼ ਉਡਾਉਂਨਾਂ ਏਂ

ਆਪ ਬਿਗਾਨੀ ਦੇ ਸੰਗ ਮੌਜਾਂ ਰੋਜ਼ ਉਡਾਉਂਨਾਂ ਏਂ।
ਅਪਣੀ ਨਾਰ ਹਮੇਸ਼ਾਂ ਪਿੰਜਰੇ ਦੇ ਵਿੱਚ ਪਾਉਂਨਾ ਏਂ॥

ਗ਼ੈਰਾਂ ਨੂੰ ਕਿਉਂ ਮੁਫਤੋ- ਮੁਫਤੀ ਪਾਰ ਲੰਘਾਉਂਨਾ ਏਂ।
ਆਪਣਿਆਂ ਦੀ ਬੇੜੀ ਦੇ ਵਿੱਚ ਵੱਟੇ ਪਾਉਂਨਾ ਏਂ॥

ਕੁੜੀਆਂ ਦਾ ਜੰਮਣਾ ਤੈਨੂੰ ਬਦਸ਼ਗਨੀ ਲਗਦਾ ਹੈ,
ਮੁੰਡਾ ਬਣ ਕੇ ਤੂੰ ਦਸ ਕਿਹੜੇ ਚੰਦ ਚੜ੍ਹਾਉਂਨਾ ਏਂ॥

ਮਾਂ- ਬੋਲੀ ਨਾ ਲਿਖਣੀ ਆਵੇ, ਅੱਠਵੀਂ ਫੇਲ੍ਹ ਫਿਰੇਂ,
ਗੰਦੇ ਗਾਣੇ ਗਾ ਕੇ ਪੈਸਾ ਖ਼ੂਬ ਕਮਾਉਂਨਾ ਏਂ॥

ਲੋਕਾਂ ਸਾਹਵੇਂ ਘੜ-ਮੁੜ ਅਪਣੀ ਕਹਿੰਦਾ ਏਂ ਮੈਨੂੰ,
ਮੇਰੇ ਤੋਂ ਪਰ ਅਪਣੇ ਦਿਲ ਦੀ ਗੱਲ ਛੁਪਾਉਂਨਾ ਏਂ॥

ਨਸ਼ਿਆਂ ਦਾ ਤੂੰ ਪੱਟਿਆ, ਸਾਰੀ ਦੁਨੀਆਂ ਕਹਿੰਦੀ ਹੈ,
'ਗ਼ਜ਼ਲ' ਇਹੀ ਗੱਲ ਆਖੇ ਤਾਂ ਤੂੰ ਪੀੜ ਮਨਾਉਂਨਾ ਏਂ॥

## 40.
## ਤੁਰੇ ਹਾਂ ਤਾਂ ਆਪਾਂ ਵੀ ਪੁੱਜਣਾ ਜ਼ਰੂਰ

ਤੁਰੇ ਹਾਂ ਤਾਂ ਆਪਾਂ ਵੀ ਪੁੱਜਣਾ ਜ਼ਰੂਰ।
ਮਿਲੀ ਤੈਨੂੰ ਮੰਜ਼ਿਲ ਤਾਂ ਕਾਹਦਾ ਗ਼ਰੂਰ॥

ਜੇ ਤਰਨਾ ਨ੍ਹੀਂ ਆਇਆ ਤਾਂ ਡੁੱਬੇ ਹਜ਼ੂਰ,
ਤਾਂ ਪਾਣੀ ਦਾ ਇਸ ਵਿੱਚ ਭਲਾ ਕੀ ਕਸੂਰ ?

ਜੋ ਹੱਥੀਂ ਲਗਾ ਤੁਰ ਗਿਆ ਸੀ ਤੂੰ ਦੂਰ,
ਉਨ੍ਹਾ ਅੰਬੀਆਂ ਨੂੰ ਪਿਆ ਸੋਹਣਾ ਬੂਰ॥

ਮੇਰੇ ਲਈ ਹੈ ਬੇਕਾਰ ਹਰ ਇਕ ਨਸ਼ਾ,
ਬੜਾ ਹੈ ਤੇਰੇ ਇਸ਼ਕ ਦਾ ਹੀ ਸਰੂਰ॥

ਤੇਰੇ ਆਉਣ ਦਾ ਵਕਤ ਅਜ ਤਕ ਨਾ ਆਇਆ,
ਕਿਹਾ ਤਾਂ ਬੜਾ ਤੂੰ ਕੇ ਆਊਂ ਜ਼ਰੂਰ॥

ਤੂੰ ਕਿਸ ਗੱਲ ਦੀ ਦੇਵੇਂ ਸਜ਼ਾ, ਦੱਸ ਮੈਨੂੰ,
ਪਤਾ ਤੈਨੂੰ ਵੀ ਹੈ ਮੈਂ ਹਾਂ ਬੇਕਸੂਰ॥

ਚੜ੍ਹਾ ਕੇ ਬਲ਼ੀ ਮੈਨੂੰ ਮਹਿਬੂਬ ਕਿਉਂ,
ਮੇਰੀ ਲਾਸ਼ ਵੱਲ ਵੇਖਦਾ ਘੂਰ-ਘੂਰ॥

ਸੁਣੋ, ਮੈਂ ਨਹੀਂ ਹਾਂ ਸਫ਼ਾ ਕੋਈ ਕੋਰਾ,
ਪੜ੍ਹੋ, ਮੈਂ ਤੁਹਾਡੀ 'ਗ਼ਜ਼ਲ' ਹਾਂ ਹਜ਼ੂਰ॥

## 41.
## ਦਿਲ ਦੇ ਟੁੱਟੇ ਟੁਕੜੇ ਲੈ ਕੇ ਜੰਮਣ ਭੌਂ ਨੂੰ ਛੱਡ ਆਏਂ ਹਾਂ

ਦਿਲ ਦੇ ਟੁੱਟੇ ਟੁਕੜੇ ਲੈ ਕੇ ਜੰਮਣ ਭੌਂ ਨੂੰ ਛੱਡ ਆਏਂ ਹਾਂ।
ਆਪਣੀ ਮਾਂ ਦੀ ਛਾਤੀ ਉੱਤੇ ਇੱਕ ਤਿਰੰਗਾ ਗੱਡ ਆਏਂ ਹਾਂ॥

ਤੇਰੇ- ਮੇਰੇ ਖੂਨ 'ਚ ਦੌੜੇ ਅਪਣੀ ਇੱਕੋ ਸਾਂਝ ਪੰਜਾਬੀ,
ਇੱਕ ਦੂਜੇ ਤੋਂ ਵਿਛੜਨ ਵੇਲੇ ਉਸਦਾ ਵੀ ਫਾਹਾ ਵੱਢ ਆਏਂ ਹਾਂ॥

ਦੁਖਦੇ ਰਿਸਦੇ ਵਗਦੇ ਫਿਸਦੇ, ਰੂਹ ਤੱਕ ਡੂੰਘੇ ਜ਼ਖਮ ਨੇ ਸਾਡੇ,
ਬੜੇ ਬੇਕਿਰਕ ਹਾਂ ਆਪ ਅਸੀਂ ਵੱਖ ਕਰਕੇ ਮਾਸ ਤੋਂ ਹੱਡ ਆਏਂ ਹਾਂ॥

ਭੁੱਖ- ਦੁੱਖ ਵਾਲੇ ਭੂਤ ਜੋ ਚਿੰਬੜੇ, ਮਿਲਿਆ ਸਾਨੂੰ ਦੇਸ਼- ਨਿਕਾਲਾ,
ਜਾਨੋ ਪਿਆਰੀ ਫੋਟੋ ਤੇਰੀ ਉਹ ਵੀ ਦਿਲ 'ਚੋਂ ਕੱਢ ਆਏਂ ਹਾਂ॥

ਡਾਹਢਾ ਗੁੰਝਲਦਾਰ ਹੈ ਰਸਤਾ ਮੁੜ ਕੇ ਪਿੱਛੇ ਮੁੜ ਨ੍ਹੀ ਹੋਣਾ,
ਦਿਨ ਦੂਣੀ ਤੇ ਰਾਤ ਚੌਗੁਣੀ ਟੱਪ ਦਰਦਾਂ ਦੀ ਖੱਡ ਆਏਂ ਹਾਂ॥

ਦਾਤੇ ਦੇ ਘਰ ਜਨਮ ਲਿਆ ਪਰ ਵਾਲਾਂ ਦੀ ਥਾਂ ਉੱਗਿਆ ਕਰਜ਼ਾ,
ਓਹੀ ਕਰਜ਼ ਉਤਾਰਨ ਦੇ ਲਈ ਥਾਂ- ਥਾਂ ਝੋਲੀ ਅੱਡ ਆਏਂ ਹਾਂ॥

**42.**

## ਮਤਲਬੀ ਨੇ ਮੰਤਰੀ ਤੇ ਮਤਲਬੀ ਸਰਕਾਰ ਹੈ, ਬਈ

ਮਤਲਬੀ ਨੇ ਮੰਤਰੀ ਤੇ ਮਤਲਬੀ ਸਰਕਾਰ ਹੈ, ਬਈ ।
ਦੇਸ਼ ਦਾ ਗੱਦਾਰ ਨੇਤਾ ਪਾਲਦਾ ਪਰਵਾਰ ਹੈ, ਬਈ ॥

ਜਾਮ ਜੀ.ਟੀ. ਰੋਡ ਤੇ ਜਨਤਾ ਦੁਹਾਈ ਪਾ ਰਹੀ ਹੈ,
ਪੁਲਸ ਆਖੇ ਲੰਘਣੀ ਮੁੱਖ ਮੰਤਰੀ ਦੀ ਕਾਰ ਹੈ, ਬਈ ॥

ਦੇ ਕੇ ਮੋਟੀ ਰਕਮ ਰਿਸ਼ਵਤ ਦੀ ਉਹ ਡਾਕਟਰ ਬਣ ਗਿਆ ਹੈ,
ਕਿੰਝ ਕਰੇਗਾ ਚੰਗਾ ਰੋਗੀ ਨੂੰ ਜੋ ਖ਼ੁਦ ਬਿਮਾਰ ਹੈ, ਬਈ ॥

ਰੋਕ ਕੇ ਕਾਰਾਂ, ਸਕੂਟਰ, ਨਿੱਤ ਗਰਾਹੁੰਦਾ ਨੋਟ ਭੈੜਾ,
ਚੌਂਕ ਵਿਚ ਜੋ ਪੁਲਸ ਵਾਲਾ ਬਹੁਤ ਹੀ ਮੱਕਾਰ ਹੈ, ਬਈ ॥

ਗਾਤਰਾ ਕਿੱਲੀ ਤੇ ਟੰਗ, ਪੀਂਦਾ ਸ਼ਰਾਬਾਂ ਰਾਤ ਨੂੰ ਜੋ,
ਦਿਨ ਚੜ੍ਹੇ ਆਖੇ ਉਹ ਗੋਬਿੰਦ ਸਿੰਘ ਦਾ ਸਰਦਾਰ ਹੈ, ਬਈ ॥

ਨਜ਼ਰ ਭੈੜੀ ਰੱਖਦਾ ਏਂ ਹੋਰ ਦੀ ਧੀ- ਭੈਣ 'ਤੇ ਤੂੰ,
ਸ਼ਰਮ ਕਰ ਕਲਯੋਗੀਆ ਧੀ ਤੇਰੀ ਵੀ ਮੁਟਿਆਰ ਹੈ, ਬਈ ॥

ਖੁਸ਼ ਰਹੇ ਰੱਬਾ ਮੇਰਾ ਮਹਿਬੂਬ ਤੇ ਪਰਿਵਾਰ ਉਸਦਾ,
ਵਿੱਚ ਵਿਦੇਸ਼ੀਂ ਵੱਸਦਾ 'ਕੁਲਜੀਤ' ਦਾ ਜੋ ਪਿਆਰ ਹੈ, ਬਈ ॥

## 43.
## ਦੋਹਾਂ ਦੀ ਚੰਗੀ ਜੇ ਤਕਦੀਰ ਹੁੰਦੀ

ਦੋਹਾਂ ਦੀ ਚੰਗੀ ਜੇ ਤਕਦੀਰ ਹੁੰਦੀ।
ਰਾਂਝਾ ਤੂੰ ਹੁੰਦਾ ਤੇ ਮੈਂ ਹੀਰ ਹੁੰਦੀ॥

ਚੂੜਾ ਤੇ ਜੋੜਾ ਤੇਰੇ ਨਾਂ ਦੀ ਮਹਿੰਦੀ,
ਤੇ ਸ਼ਗਨਾਂ ਦੀ ਗਲ਼ ਵਿਚ ਜ਼ੰਜੀਰ ਹੁੰਦੀ॥

ਗ਼ੈਰਾਂ ਲਈ ਤੂੰ ਜੇ ਹਾਮੀ ਨਾ ਭਰਦਾ,
ਮੇਰੀ ਇਹ ਰੂਹ ਕਿਉਂ ਲੀਰੋ-ਲੀਰ ਹੁੰਦੀ॥

ਮੇਰੀ ਮੌਤ ਦਾ ਹੁੰਦਾ ਵੱਖਰਾ ਨਜ਼ਾਰਾ,
ਜੇ ਹੱਥਾਂ 'ਚ ਤੇਰੇ ਹੀ ਆਖੀਰ ਹੁੰਦੀ॥

ਉਹ ਰੱਬ ਵਰਗਾ ਸਜਣ ਹੈ ਰੁੱਸਿਆ ਜਦੋਂ ਦਾ,
ਇਉਂ ਹੈ ਜਿਵੇਂ ਰੁੱਸੀ ਤਕਦੀਰ ਹੁੰਦੀ॥

ਜੇਕਰ ਵਿਆਹ ਹੁੰਦਾ ਤੇਰਾ ਤੇ ਮੇਰਾ,
ਦੋਹਾਂ ਦੀ 'ਕੱਠੀ ਹੀ ਤਸਵੀਰ ਹੁੰਦੀ॥

ਰਬ ਨਾ ਫੜਾਉਂਦਾ ਜੇ ਕਲਮ ਮੈਨੂੰ,
ਤਾਂ ਫਿਰ ਮੇਰੇ ਹੱਥ ਸ਼ਮਸ਼ੀਰ ਹੁੰਦੀ॥

ਨਿਭਾਉਂਦਾ ਤੂੰ ਜੇਕਰ ਵਫ਼ਾਵਾਂ ਤੇ ਵਾਅਦੇ,
ਫਿਰ ਕਿਉਂ 'ਗ਼ਜ਼ਲ' ਤੇਰੀ ਦਿਲਗ਼ੀਰ ਹੁੰਦੀ ?

## 44.
## ਜਦੋਂ ਬਦਹਕੂਮਤ ਹਕੂਮਤ ਕਰੂਗੀ

ਜਦੋਂ ਬਦਹਕੂਮਤ ਹਕੂਮਤ ਕਰੂਗੀ,
ਇਹ ਆਪੋ 'ਚ ਦੁਨੀਆਂ ਲੜੂਗੀ ਮਰੂਗੀ।
ਹਕੂਮਤ ਜੇ ਜ਼ਾਲਮ ਜ਼ੁਲਮ ਵੀ ਕਰੂਗੀ,
ਤਾਂ ਦੁਨੀਆਂ ਉਸੇ ਦਾ ਹੀ ਪਾਣੀ ਭਰੂਗੀ।।

ਬੜੇ ਨੇ ਸਿਆਣੇ ਇਹ ਲੋਕੀਂ ਸ਼ੁਰੂ ਤੋਂ,
ਜਿਊਣਾ ਇਹ ਜਾਨਣ ਸਦਾ ਸ਼ਾਂਤ ਰਹਿ ਕੇ,
ਕਦੇ ਚੁੱਪ ਨ੍ਹੀ ਬਹਿੰਦੀ ਇਹ ਸਰਕਾਰ ਭੈੜੀ
ਕੋਈ ਨਾ ਕੋਈ ਤਾਂ ਸ਼ਰਾਰਤ ਕਰੂਗੀ।।

ਇਹ ਤੰਤਰੀ, ਧਨਵੰਤਰੀ, ਇਹ ਸੰਤਰੀ ਤੇ ਮੰਤਰੀ
ਸਭ ਇੱਕੋ ਹੀ ਤੱਕੜੀ ਦੇ ਨੇ ਚੱਟੇ-ਵੱਟੇ
ਭਲਾ ਹੈ ਜੇ ਵਿਗੜੇ ਇਹ ਆਪੇ ਹੀ ਸੁਧਰਨ,
ਇਹ ਦੁਨੀਆਂ ਇਹਨਾਂ ਨੂੰ ਕਦੋਂ ਤੱਕ ਜਰੂਗੀ ?

ਕਦੋਂ ਸੁੱਖ ਦਾ ਜੀਵਨ ਜਿਊ ਅੰਨ- ਦਾਤਾ,
ਕਦੋਂ ਤੱਕ ਨਾ ਸੁਧਰੂ ਕਿਸਾਨਾਂ ਦੀ ਹਾਲਤ?
ਜੇ ਅਪਣੀ ਹੀ ਸਰਕਾਰ ਹੱਥੋਂ ਲੁਟੇਗੀ
ਕਿਸਾਨੀ ਉਦੋਂ ਖ਼ੁਦਕੁਸ਼ੀ ਹੀ ਕਰੂਗੀ।।

ਇਹ ਲੀਡਰ ਤੇ ਅਫ਼ਸਰ ਨੇ ਕੁੱਤਿਆਂ ਦੇ ਵਾਂਗਰ,
ਕਚਹਿਰੀ ਤੇ ਠਾਣੇ ਇਹ ਸਭ ਹੀ ਵਿਕੇ ਨੇ
ਜੇ ਰਾਖੇ ਹੀ ਅਪਣੇ ਬਣੇ ਨੇ ਲੁਟੇਰੇ,
ਤਾਂ ਜਨਤਾ ਬਗ਼ਾਵਤ ਕਰੂਗੀ ਕਰੂਗੀ ॥

ਡਕੈਤੀ, ਗ਼ਰੀਬੀ, ਮਹਿੰਗਾਈ, ਹਿੰਸਾ,
ਇਹ ਜਖਮੀ ਜ਼ਮੀਰਾਂ ਨੇ ਜਰਨੀ ਕਦੋਂ ਤੱਕ ?
ਭ੍ਰਿਸ਼ਟੀ ਗਈ ਹੈ ਜੋ ਸਰਕਾਰ ਮੁੱਢ ਤੋਂ,
ਇਹ ਅੰਨ੍ਹੀ ਕਮੀਨੀ ਗਿਰੂਗੀ- ਗਿਰੂਗੀ ॥

ਉੱਠੋ ਐ ! ਜਵਾਨੋ, ਕਿਸਾਨੋ, ਗ਼ਰੀਬੋਂ
ਹੈ ਮੁੱਢਲੀ ਕ੍ਰਾਂਤੀ ਤੁਹਾਡੀ ਜ਼ਰੂਰਤ,
ਇਹ ਸੜ ਜਾਣਗੇ ਸਭ ਲੁਟੇਰੇ- ਉਚੱਕੇ
ਜਦੋਂ ਸੋਚ- ਅਗਨੀ ਇਹਨਾਂ ਤੇ ਵ੍ਰਰੂਗੀ ॥

## 45.
## ਤੇਰੇ ਘਰ ਤੋਂ ਜਦ ਵੀ ਆਣਾ ਪੈਂਦਾ ਹੈ

ਤੇਰੇ ਘਰ ਤੋਂ ਜਦ ਵੀ ਆਣਾ ਪੈਂਦਾ ਹੈ।
ਅੱਥਰੂਆਂ ਦੇ ਵਿੱਚ ਨਹਾਣਾ ਪੈਂਦਾ ਹੈ॥

ਐਂਵੇ ਤਾਂ ਨ੍ਹੀ ਸੋਹਜ ਤਰਾਨਾ ਲਿਖ ਹੁੰਦਾ,
ਦਿਲ ਨੂੰ ਫੱਟ ਕਰਾਰਾ ਖਾਣਾ ਪੈਂਦਾ ਹੈ॥

ਮੇਰੇ ਘਰ ਨੂੰ ਖ਼ਤਰਾ ਹੈ ਤਾਂ ਏਸ ਲਈ ਕਿ
ਮੇਰੇ ਘਰ ਦੇ ਨੇੜੇ ਠਾਣਾ ਪੈਂਦਾ ਹੈ॥

ਅਕਸਰ ਹੀ ਮਰਦਾਂ ਦੀ ਝੂਠੀ ਸ਼ਾਨ ਲਈ
ਔਰਤ ਨੂੰ ਜਿੱਤ ਕੇ ਹਰ ਜਾਣਾ ਪੈਂਦਾ ਹੈ॥

ਵੱਡੇ- ਵੱਡੇ ਦੁੱਖ ਸੁਣ- ਸੁਣ ਕੇ ਲੋਕਾਂ ਦੇ,
ਅਪਣਾ ਗ਼ਮ ਹਰ ਵਾਰ ਛੁਪਾਣਾਂ ਪੈਂਦਾ ਹੈ॥

ਖੇਤਾਂ ਦੇ ਰਾਜੇ ਨੂੰ ਅੱਜ ਕੱਲ ਖਾਣ ਲਈ,
ਰੋਟੀ ਲੱਭਣ ਸ਼ਹਿਰ ਨੂੰ ਜਾਣਾ ਪੈਂਦਾ ਹੈ॥

ਜਦ ਸਿੱਖਾਂ ਦੀ ਭੀੜ ਦੇ ਵਿੱਚੋਂ ਲੰਘਦੇ ਹਾਂ,
ਪਗੜੀ ਨੂੰ ਹੱਥ ਘੁੱਟ ਕੇ ਪਾਣਾ ਪੈਂਦਾ ਹੈ॥

ਪੱਗ ਨੂੰ ਸਸਤਾ ਕੱਪੜਾ ਹੀ ਨਾ ਸਮਝ ਲਵੀਂ,
ਇਹ ਦੀ ਖਾਤਿਰ ਸਿਰ ਕਟਵਾਣਾ ਪੈਂਦਾ ਹੈ ॥

ਇੱਕ -ਦੂਜੇ ਨੂੰ ਵੇਖ ਨਹੀਂ ਜਰਦੇ ਹਾਂ, ਪਰ
ਇੱਕ -ਦੂਜੇ ਦੇ ਆਉਣਾ- ਜਾਣਾ ਪੈਂਦਾ ਹੈ ॥

## 46.
## ਨਾ ਮੇਰੀ ਸਰਕਾਰ ! ਨਾ ਕਰ

ਨਾ ਮੇਰੀ ਸਰਕਾਰ ! ਨਾ ਕਰ ।
ਇਉਂ ਗ਼ਮ ਦਾ ਇਜ਼ਹਾਰ ਨਾ ਕਰ ॥

ਬੇਸ਼ੱਕ ਰੱਜ ਕੇ ਸੁਹਣੇ, ਪਰ ।
ਨੈਣਾਂ ਦਾ ਵਿਉਪਾਰ ਨਾ ਕਰ ॥

ਗੰਦੇ ਗਾਣੇ ਗਾ- ਗਾ ਕੇ,
ਮੈਲਾ ਸੱਭਿਆਚਾਰ ਨਾ ਕਰ ॥

ਇਹ ਤੇਰਾ ਨਾ ਮੇਰਾ ਹੈ,
ਪੈਸੇ ਦਾ ਹੰਕਾਰ ਨਾ ਕਰ ॥

ਫਿਰ ਰੋਣਾ ਹੀ ਰੋਣਾ ਹੈ,
ਭੁੱਲ ਕੇ ਅੱਖਾਂ ਚਾਰ ਨਾ ਕਰ ॥

ਓਹਦੇ ਕੋਲ ਤਾਂ ਗੱਲਾਂ ਨੇ,
ਗੱਲਾਂ ਤੇ ਇਤਬਾਰ ਨਾ ਕਰ ॥

ਲਹਿੰਦੇ ਇਸਦੇ ਦਾਗ਼ ਨਹੀਂ,
ਦਾਗ਼ਦਾਰ ਕਿਰਦਾਰ ਨਾ ਕਰ ॥

ਇਸ਼ਕ ਦੇ ਨੁਸਖੇ ਲਿਖ-ਲਿਖ ਕੇ,
ਲੋਕਾਂ ਨੂੰ ਬੀਮਾਰ ਨਾ ਕਰ ॥

ਚੁੰਮ ਲੈ ਮੇਰੇ ਸ਼ਿਅਰਾਂ ਨੂੰ,
ਚਾਹੇ 'ਗ਼ਜ਼ਲ' ਨੂੰ ਪਿਆਰ ਨਾ ਕਰ॥

## 47.
## ਮੇਰੇ ਹੌਂਕੇ ਦੀ ਅੱਗ ਏਨੀ ਕਿ ਪਾਣੀ ਨੂੰ ਜਲਾ ਦੇਵੇ

ਮੇਰੇ ਹੌਂਕੇ ਦੀ ਅੱਗ ਏਨੀ ਕਿ ਪਾਣੀ ਨੂੰ ਜਲਾ ਦੇਵੇ,
ਤੇ ਮੇਰੀ ਅੱਖ ਦਾ ਹੰਝੂ ਵੀ ਪੱਥਰਾਂ ਨੂੰ ਰੁਆ ਦੇਵੇ ॥

ਪਪੀਹਾ ਮੈਂ ਤੇ ਤੂੰ ਵਰਖਾ ਤੇਰੀ ਹੀ ਪਿਆਸ ਹੈ ਮੈਨੂੰ,
ਕੋਈ ਅੰਮ੍ਰਿਤ ਨਹੀਂ ਏਥੇ ਜੋ ਤੇਹ ਮੇਰੀ ਬੁਝਾ ਦੇਵੇ ॥

ਬੜਾ ਬੇਚੈਨ ਦਿਲ ਮੇਰਾ ਤੇ ਬੇਸਬਰੀ ਹੈ ਨੈਣਾਂ ਦੀ,
ਕੋਈ ਜਾਵੇ ਨਗਰ ਉਸਦੇ ਖ਼ਬਰ ਮੇਰੀ ਪੁਚਾ ਦੇਵੇ ॥

ਬੜਾ ਹੈ ਸ਼ਾਂਤ ਤੱਕ ਕੇ ਵੀ ਉਹ ਆਖ਼ਰ ਦੀ ਤੜ੍ਹਪ ਮੇਰੀ,
ਨਾ ਤੂੰਬਾ ਜ਼ਹਿਰ ਦਾ ਦੇਵੇ ਤੇ, ਨਾ ਕੋਈ ਦਵਾ ਦੇਵੇ ॥

ਦੁਹਾਂ ਨੂੰ ਹੋਸ਼ ਨਾ ਕੋਈ ਬਣੇ ਹਾਂ ਪਾਗਲਾਂ ਵਰਗੇ,
ਸਜਣ ਰੋ ਕੇ ਰਵਾ ਦੇਵੇ, ਕਦੇ ਹੱਸ ਕੇ ਹਸਾ ਦੇਵੇ ॥

ਗਿਲਾ ਨਾ ਕਰ ਪਤੰਗੇ ! ਇਹ ਤਾਂ ਉਸਦਾ ਹੱਕ ਬਣਦਾ ਹੈ,
ਜੋ ਚੁੰਮਦਾ ਹੈ ਸ਼ਮ੍ਹਾ ਤਾਈਂ, ਸ਼ਮ੍ਹਾ ਉਸਨੂੰ ਜਲਾ ਦੇਵੇ ॥

ਮੈਂ ਜਿੱਤਣ ਲਈ ਹੀ ਜੰਮੀ ਹਾਂ, ਮੈਂ ਜਿੱਤਣ ਲਈ ਹੀ ਮਰ ਜਾਣਾ,
ਕੋਈ ਤਾਕਤ ਨਹੀਂ ਮੇਰੇ ਇਸ਼ਕੇ ਨੂੰ ਹਰਾ ਦੇਵੇ ॥

ਤੂੰ ਚੁੰਬਕ ਏਂ ਤੇ ਮੈਂ ਮਿੱਟੀ 'ਚ ਗੁੰਮਿਆ ਤੁੱਛ ਭਰ ਲੋਹਾ,
ਤੇਰੀ ਇਕ ਮੋਹ ਭਰੀ ਹਰਕਤ ਮੇਰੀ ਹਸਤੀ ਬਚਾ ਦੇਵੇ ॥

## 48.
## ਤੇਰੇ ਦਿਲ ਤੋਂ ਲਹਿ ਜਾਵਾਂਗੇ ਹੌਲੀ-ਹੌਲੀ

ਤੇਰੇ ਦਿਲ ਤੋਂ ਲਹਿ ਜਾਵਾਂਗੇ ਹੌਲੀ-ਹੌਲੀ।
ਇਹ ਵੀ ਦੁਖੜਾ ਸਹਿ ਜਾਵਾਂਗੇ ਹੌਲੀ-ਹੌਲੀ॥

ਭੈਣ- ਭਰਾ ਤੇ ਮਾਪੇ ਛੁਟਦੇ ਨੇ ਜਾਂਦੇ,
ਤੇਰੇ ਜੋਗੇ ਰਹਿ ਜਾਵਾਂਗੇ ਹੌਲੀ-ਹੌਲੀ॥

ਸੁਪਨੇ ਸਾਂ ਅੱਲ੍ਹੜ ਦੇ, ਪਰ ਕੀਹ ਪਤਾ ਸੀ ?
ਅੱਖਾਂ ਵਿੱਚੋਂ ਵਹਿ ਜਾਵਾਂਗੇ ਹੌਲੀ-ਹੌਲੀ॥।

ਨਹੀਂ ਝਾਲ ਝੱਲ ਸਕਦੇ ਛੰਨਾ ਤੇ ਢਾਰੇ,
ਆਪਾਂ ਢਹਿੰਦੇ ਢਹਿ ਜਾਵਾਂਗੇ ਹੌਲੀ-ਹੌਲੀ॥

ਸਿੱਖ ਲਾਂ ਗੇ ਗ਼ੈਰਾਂ ਤੇ ਭਾਰੂ ਹੋ ਜਾਣਾ,
ਤੇਰੀਆਂ ਗੱਲਾਂ ਸਹਿ ਜਾਵਾਂਗੇ ਹੌਲੀ-ਹੌਲੀ॥

ਤੂੰ ਦੇ, ਗੱਲ ਦਿਲ ਦੀ ਨੂੰ ਦੱਸਣ ਦਾ ਮੌਕਾ,
ਗੱਲ ਆਪਣੀ ਕਹਿ ਜਾਵਾਂਗੇ ਹੌਲੀ-ਹੌਲੀ॥

## 49.
## ਆਪਾਂ ਜੋ ਸੌਂਹਾਂ ਖਾਧੀਆਂ ਤੂੰ ਫੋਕੀਆਂ ਨਾ ਜਾਣ ਵੇ

ਆਪਾਂ ਜੋ ਸੌਂਹਾਂ ਖਾਧੀਆਂ ਤੂੰ ਫੋਕੀਆਂ ਨਾ ਜਾਣ ਵੇ।
ਸਾਨੂੰ ਤਾਂ ਅਪਣੇ ਇਸ਼ਕ ਤੇ ਹੈ ਰੱਬ ਜਿੱਡਾ ਮਾਣ ਵੇ॥

ਸੁਪਨੇ ਉਦੋਂ ਜਾਗੇ ਅਸਾਡੇ ਖੁਦ ਅਸੀਂ ਜਦ ਸੌਂ ਗਏ,
ਉੱਠੇ ਤਾਂ ਸਾਡੇ ਸੁਪਨਿਆਂ ਦਾ ਹੋ ਗਿਆ ਸੀ ਘਾਣ ਵੇ॥

ਉਮਰਾਂ ਕਦੋਂ ਹੈ ਵੇਖਦੀ ਰੂਹਾਂ- ਰੂਹਾਂ ਦੀ ਦੋਸਤੀ,
ਮਿਲਦਾ ਹੈ ਕਰਮਾਂ ਨਾਲ ਹੀ ਇਕ ਰੂਹ ਨੂੰ ਰੂਹ ਦਾ ਹਾਣ ਵੇ॥

ਸੱਜਣਾ ਦੇ ਮੂਹਰੇ ਪਿਆਰ ਦਾ ਪ੍ਰਸਤਾਵ ਤੂੰ ਰੱਖ ਤਾਂ ਸਹੀ,
ਸੁੱਤਿਆ ਦਿਲਾ! ਉੱਠ ਜਾਗ ਐਂਵੇਂ ਲੰਮੀਆਂ ਨਾ ਤਾਣ ਵੇ॥

ਹੋਵੇ ਸੱਜਣ ਬਸ ਆਪਣਾ ਤਾਂ ਮਨਚਾਹੀ ਕਰੀਏ ਦਿਲਾ,
ਛੱਡ ਜਾਣ ਕਦ ਬੇਗਾਨੀਆਂ ਛਾਂਵਾਂ ਦਾ ਕਾਹਦਾ ਮਾਣ ਵੇ॥

ਤੇਰੀ ਜਾਦੂਈ ਛੋਹ ਬਿਨਾ ਆਵੇ ਨਾ ਸਾਨੂੰ ਹੋਸ਼ ਪਰ,
ਬੇਹੋਸ਼ ਕਰ ਜਾਂਦਾ ਤੇਰੇ ਨੀਲੇ ਨੈਣਾਂ ਦਾ ਬਾਣ ਵੇ॥

ਤੈਨੂੰ ਨਾ ਮਿਲੀਆਂ ਛੁੱਟੀਆਂ, ਸਾਨੂੰ ਨਾ ਆਈਆਂ ਨੀਂਦਰਾਂ,
ਓਸੇ ਦਾ ਓਸਾ ਰਹਿ ਗਿਆ ਫਿਰ ਮੰਜੀਆਂ ਦਾ ਸਾਣ ਵੇ॥

ਉਹ ਕੀਮਤੀ ਹੀਰਾ ਸੀ ਜੋ ਵਲਾਇਤ ਵਾਲੇ ਲੈ ਗਏ,
ਫਿਰ-ਫਿਰ ਕੇ ਦਰ-ਦਰ ਯੋਗੀਆ ਤੂੰ ਮਿੱਟੀਆਂ ਨਾ ਛਾਣ ਵੇ॥

ਹਾਰੀ ਹੋਈ ਹੈ ਜ਼ਿੰਦਗੀ ਹਟਕੋਰਿਆਂ ਤੇ ਆ ਗਈ,
ਆਸਾਂ ਤੇਰੇ ਪਰਤਣ ਦੀਆਂ ਦਿੰਦੀਆਂ ਨਾ ਜਗ ਤੋਂ ਜਾਣ ਵੇ ॥

ਜੇ ਇਸ਼ਕ ਸੱਚਾ ਸੀ ਮੇਰਾ, ਪ੍ਵਾਨ ਕਿਉਂ ਚੜ੍ਹਿਆ ਨਾ ਫਿਰ?
ਤਾਂ ਰਹਿ ਗਈ ਹੋਵੇਗੀ ਤੇਰੇ ਵਿਚ ਹੀ ਕੋਈ ਕਾਣ ਵੇ ॥

ਤੂੰ ਬੇਵਫ਼ਾ ਜਦ ਕੋਲ ਸੈਂ ਤਾਂ ਨੋਚ ਦਿਲ ਖਾਂਦਾ ਰਿਹੋਂ,
ਹੋਇਓਂ ਜੁਦਾ ਤਾਂ ਦਿਲ 'ਚ ਪੈ ਗਈ ਸਿਵਿਆਂ ਵਰਗੀ ਰਾਣ ਵੇ ॥

ਜਾਵੀਂ ਤਾਂ ਮੇਰੇ ਪਿੰਡ ਦੀਆਂ ਕੁੜੀਆਂ ਨੂੰ ਆਖੀਂ, ਕਾਸਦਾ
ਵਾਂਗੂੰ 'ਗ਼ਜ਼ਲ' ਸ਼ਿਕਰੇ ਕਿਸੇ ਨਾਲ ਅੱਖੀਆਂ ਨਾ ਲਾਣ ਵੇ ॥

## 50.
## ਚੜ੍ਹ ਗਿਆ ਜ਼ਹਿਰ ਸਾਰੇ ਦਾ ਸਾਰਾ

ਚੜ੍ਹ ਗਿਆ ਜ਼ਹਿਰ ਸਾਰੇ ਦਾ ਸਾਰਾ।
ਫੇਰ ਵੀ ਦਿਲ ਹੈ ਭਾਰੇ ਦਾ ਭਾਰਾ॥

ਝੂਠਾ ਹੀ ਕਹਿ ਦੇ 'ਤੇਰਾ ਹਾਂ ਪੂਰਾ',
ਜੀ ਲਵਾਂਗੀ ਮੈਂ ਸਾਰੇ ਦਾ ਸਾਰਾ॥

ਰੋਂਦੇ ਨੇ ਨੈਣ ਬਾਰਾਂ ਮਹੀਨੇ,
ਸੌਣ ਹੈ ਬਰਸਦਾ ਬੇ- ਮੁਹਾਰਾ॥

ਫੁੱਲ, ਹੀਰਾ, ਜਾਂ ਫਿਰ ਆਖ ਮੋਤੀ,
ਹੰਝੂ ਹੈ ਮੇਰਾ ਖਾਰੇ ਦਾ ਖਾਰਾ॥

ਮੈਂ ਭਰੋਸਾ ਕਿੰਵੇਂ ਕਰ ਲਵਾਂ ਦੱਸ ?
ਵਾਅਦਾ ਵੀ ਤੇਰਾ ਹੈ ਲਾਰੇ ਦਾ ਲਾਰਾ॥

ਜ਼ਿੰਦਗੀ ਭਰ ਅਸਾਂ ਸਾਥ ਰਹਿਣਾ,
ਮੈਂ ਨਦੀ ਹਾਂ, ਤੂੰ ਮੇਰਾ ਕਿਨਾਰਾ॥

**51.**

## ਏਧਰ ਆ

ਏਧਰ ਆ।
ਹਾਲ ਸੁਣਾ॥

ਤੇਰੀ ਹਾਂ,
ਨਾ ਠੁਕਰਾ॥

ਤੋੜ ਨਾ ਦਿਲ,
ਗਲ਼ ਨਾਲ ਲਾ॥

ਅੱਖਾਂ ਵਿੱਚ,
ਅੱਖੀਆਂ ਪਾ॥

ਦੁਖੀਆਂ ਦਾ,
ਦਰਦ ਵੰਡਾ॥

ਮਿਹਨਤ ਕਰ,
ਅੰਨ ਕਮਾ॥

ਚੱਜ ਦਾ ਖਾ,
ਸਿਹਤ ਬਣਾ॥

ਪਹਿਲੋਂ ਆ
ਪਹਿਲੋਂ ਪਾ॥

ਅਗਨੀ ਹਾਂ,
ਛੂਹ ਕੇ ਵਿਖਾ ॥

ਦੁਸ਼ਮਣ ਨੂੰ,
ਮੀਤ ਬਣਾ ॥

ਮਹਿੰਗੀ ਜਿੰਦ,
ਰੱਜ ਹੰਢਾ ॥

ਏਧਰ ਰੱਬ,
ਓਧਰ ਮਾਂ ॥

ਮੂੰਹ ਮੋੜਾਂ ਤਾਂ,
ਡੰਨ ਲਗਾ ॥

ਕਲਮ ਚਲਾ
'ਗ਼ਜ਼ਲ' ਸੁਣਾ ॥

## 52.
## ਸਾਡੇ ਨਾਲ ਜਿਉਂਇਆ ਕਰਦੇ ਸਨ, ਸਾਡੇ ਨਾਲ ਮਰਿਆ ਕਰਦੇ ਸਨ

ਸਾਡੇ ਨਾਲ ਜਿਉਂਇਆ ਕਰਦੇ ਸਨ,
ਸਾਡੇ ਨਾਲ ਮਰਿਆ ਕਰਦੇ ਸਨ
ਹਰ ਰੋਜ਼ ਸੱਜਣ ਦਾ ਖ਼ਤ ਸੱਜਰਾ,
ਸਾਡੇ ਦੀਦੇ ਪੜ੍ਹਿਆ ਕਰਦੇ ਸਨ ॥

ਲੋਕਾਂ ਦੇ ਤਾਹਨੇ- ਮਿਹਣਿਆਂ ਦਾ,
ਦੁੱਖ ਸਹਿ ਨਹੀਂ ਹੁੰਦਾ ਨੈਣਾਂ ਤੋਂ,
ਪਰ ਸੱਜਣਾ ਦੇ ਹਰ ਲਾਰੇ ਨੂੰ
ਹੱਸ-ਹੱਸ ਕੇ ਜਰਿਆ ਕਰਦੇ ਸਨ ॥

ਅੱਜ ਮਸਤ-ਕਲੰਦਰ ਇਸ਼ਕ ਰੱਤੇ,
ਅਸੀਂ ਲੋਕਾਂ ਤੋਂ ਹੈ ਕੀ ਲੈਣਾ ?
ਮਹਿਬੂਬ ਜੋ ਜਾ ਮਸ਼ੂਕਾਂ ਦੇ
ਦਰ ਤੇ ਖ਼ੁਦ ਖੜਿਆ ਕਰਦੇ ਸਨ ॥

ਕੋਈ ਮਹਿਰਮ ਕੋਈ ਮਸੀਹਾ ਨਾ,
ਜੋ ਦਿਲ ਦੀ ਪੀੜ੍ਹ ਪਛਾਣ ਲਏ,
ਹਮਦਰਦ ਜੋ ਗ਼ਮ ਦੀ ਸੂਲੀ ਤੇ
ਬਣ ਦਰਦੀ ਚੜ੍ਹਿਆ ਕਰਦੇ ਸਨ ॥

ਜਦ ਅਸੀਂ ਬਸ ਮਰ ਮੁੱਕ ਗਏ
ਮੁੱਕ ਜਾਣਾ ਸ਼ਿਕਵਾ ਲੋਕਾਂ ਦਾ,
ਹੁਣ ਤੱਕ ਜੋ ਦੋਸ਼ ਗੁਨਾਹਾਂ ਦਾ,
ਸਾਡੇ ਸਿਰ ਮੜ੍ਹਿਆ ਕਰਦੇ ਸਨ ॥

ਉਹ ਪੱਤੇ ਖੁਦ ਅੱਜ ਰੁੱਖਾਂ ਤੋਂ,
ਆਪੇ ਹੀ ਝੜ-ਝੜ ਪੈਂਦੇ ਕਿਉਂ ?
ਜੋ ਝੱਖੜ- ਪਤਝੜ ਰੁੱਤੇ ਵੀ
ਹਰਗਿਜ਼ ਨਾ ਝੜਿਆ ਕਰਦੇ ਸਨ ॥

'ਕੁਲਜੀਤ ਗ਼ਜ਼ਲ' ਹਾਂ ਮਾਹੀ ਦੀ,
ਮੈਂ ਉਸਦੀ ਵੰਝਲੀ ਦੀਆਂ ਹੇਕਾਂ,
ਰਕੀਬ ਕਹਿਣਗੇ ਸ਼ੇਅਰ ਮੇਰੇ,
ਜੋ ਗ਼ੈਰਾਂ ਨੂੰ ਪੜ੍ਹਿਆ ਕਰਦੇ ਸਨ ॥

## 53.
## ਮੇਰੀ ਕਿਸਮਤ ਹੀ ਚੰਗੀ ਹੈ ਜਾਂ ਫਿਰ ਕੁਦਰਤ ਦਾ ਗੱਫਾ ਹੈ

ਮੇਰੀ ਕਿਸਮਤ ਹੀ ਚੰਗੀ ਹੈ ਜਾਂ ਫਿਰ ਕੁਦਰਤ ਦਾ ਗੱਫਾ ਹੈ।
ਅਕਾਸ਼ੋਂ ਟੁੱਟ ਕੇ ਤਾਰਾ ਮੇਰੀ ਝੋਲੀ 'ਚ ਡਿੱਗਾ ਹੈ॥

ਕਿਸੇ ਤੋਂ ਵੀ ਨਹੀਂ ਹਾਰੇ, ਤੇਰੇ ਨੈਣਾਂ ਤੋਂ ਹਾਰੇ ਹਾਂ,
ਤੇਰਾ ਵੀ ਵਾਰ ਗੁੱਝਾ ਸੀ, ਤੇ ਸਾਡਾ ਦਰਦ ਗੁੱਝਾ ਹੈ॥

ਬੜਾ ਪਛਤਾ ਲਿਆ ਹੁਣ ਤਾਂ ਅਗਾਂਹ ਤੌਬਾ ਮੇਰੀ ਤੌਬਾ,
ਬੜਾ ਕੌੜਾ ਹੈ ਲੋਕੋ ਇਸ਼ਕ, ਭਾਂਵੇ ਗੁੜ ਤੋਂ ਵੀ ਮਿੱਠਾ ਹੈ॥

ਮੁਹੱਬਤ ਦੀ ਮੈਂ ਗੁੱਡੀ ਹਾਂ ਕੋਈ ਕਾਟਾ ਤਾਂ ਲਾਏ ਆ,
ਨਹੀਂ ਡੋਰੀ ਦੇ ਵਿਚ ਬੱਧਾ ਇਹ ਦਿਲ ਹੁਕਮਾਂ ਦਾ ਬੱਧਾ ਹੈ॥

ਪਰਿੰਦਾ ਪਹੁੰਚਦਾ ਹੈ ਘਰ ਮੇਰੇ ਸਰ ਕਰ ਪਹਾੜਾਂ ਨੂੰ,
ਜ਼ਮਾਨੇ ਤੋਂ ਨਹੀਂ ਡਰਦਾ, ਇਹ ਰਿਸ਼ਤੇ ਵਿਚ ਬੱਝਾ ਹੈ॥

ਰਹੀ ਜੇ ਜ਼ਿੰਦਗੀ ਤਾਂ ਆਵਾਂਗੀ ਮੈਂ ਤੈਰ ਕੇ ਸਾਗਰ,
ਨਹੀਂ ਮੁਕਰਾਂਗੀ ਸਹੁੰ ਤੇਰੀ, ਮੇਰਾ ਵਾਅਦਾ ਇਹ ਪੱਕਾ ਹੈ॥

## 54.
## ਮਾਰ ਤੇਰੇ ਹਿਜਰ ਦੀ ਝਲਦੀ ਰਹੀ

ਮਾਰ ਤੇਰੇ ਹਿਜਰ ਦੀ ਝਲਦੀ ਰਹੀ।
ਰਾਤ ਸਾਰੀ ਜਿੰਦ ਵੀ ਜਲਦੀ ਰਹੀ॥

ਸੋਚਿਆ ਨਾ ਹਸ਼ਰ ਮੇਰੇ ਹਿਜਰ ਦਾ,
ਜਾਣ ਦੀ ਤੈਨੂੰ ਬੜੀ ਜਲਦੀ ਰਹੀ॥

ਸੁਬਹ ਨੇ ਨਾ ਦਰਦ ਮੈਥੋਂ ਪੁੱਛਿਆ,
ਚੁੱਪ ਕੀਤੀ ਸ਼ਾਮ ਵੀ ਢਲਦੀ ਰਹੀ॥

ਕਰ ਗਈ ਫਿਰ ਤੋਂ ਹਰਾ ਜੋ ਜਖ਼ਮ ਨੂੰ,
ਦੇਰ ਤੱਕ ਐਸੀ ਹਵਾ ਚਲਦੀ ਰਹੀ॥

ਆਉਣ ਦੀ ਆਈ ਤੇਰੀ ਤਾਰੀਖ਼ ਨਾ,
ਪਰ ਸੁਨੇਹੇ ਰੋਜ਼ ਮੈਂ ਘੱਲਦੀ ਰਹੀ॥

ਵੇਖ ਕੇ ਮੇਰਾ ਭਰੋਸਾ ਪਿਆਰ ਤੇ,
ਮੌਤ ਵੀ ਹਰ ਵਾਰ ਹੈ ਟਲਦੀ ਰਹੀ॥

ਜਾਨ ਇੱਕ ਦਿਨ ਲੈ ਲੇ ਗਈ 'ਕੁਲਜੀਤ' ਦੀ,
ਪੀੜ ਜਿਹੜੀ ਦਿਲ 'ਚ ਹੈ ਪਲਦੀ ਰਹੀ॥

## 55.
## ਮੈਂ ਹੱਦਾਂ ਤੋੜ ਕੇ ਜੇ ਪਾਰ ਜਾਵਾਂ ਤਾਂ ਸਜ਼ਾ ਦੇਵੀਂ

ਮੈਂ ਹੱਦਾਂ ਤੋੜ ਕੇ ਜੇ ਪਾਰ ਜਾਵਾਂ ਤਾਂ ਸਜ਼ਾ ਦੇਵੀਂ।
ਕਦੇ ਜੇ ਪਿਆਰ ਵਿਚ ਧੋਖਾ ਕਮਾਵਾਂ, ਤਾਂ ਸਜ਼ਾ ਦੇਵੀਂ॥

ਕਰੀਂ ਨਾ ਕੈਦ ਤੂੰ ਮੈਨੂੰ ਨਾ ਮੈਂ ਬਾਗ਼ੀ ਕਦੇ ਹੋਵਾਂ,
ਹਵਾ ਹਾਂ ਮੈਂ, ਕਦੇ ਪਰ ਅੱਗ ਲਾਵਾਂ, ਤਾਂ ਸਜ਼ਾ ਦੇਵੀਂ॥

ਜੇ ਮੰਗਿਆਂ ਹੱਕ ਨਹੀਂ ਮਿਲਦਾ ਤਾਂ ਫਿਰ ਖੋਹ ਕੇ ਵੀ ਲੈ ਲਈਦਾ,
ਬਿਗਾਨੇ ਹੱਕ ਤੇ ਜੇ ਹੱਕ ਜਤਾਵਾਂ, ਤਾਂ ਸਜ਼ਾ ਦੇਵੀਂ॥

ਖ਼ੁਦਾ ਤੂੰ ਸੌਂਪ ਦੇ ਚਾਦਰ ਮੇਰੀ ਹਸਤੀ ਦੇ ਮੇਚੇ ਦੀ,
ਅਗਾਂਹ ਉਸ ਤੋਂ ਜੇ ਮੈਂ ਖੁਦ ਨੂੰ ਫੈਲਾਵਾਂ, ਤਾਂ ਸਜ਼ਾ ਦੇਵੀਂ॥

ਭਲਾਈ ਵਾਸਤੇ ਹੋਵਣ ਬਸ਼ਰਤੇ ਕਾਇਦੇ ਤੇਰੇ,
ਮੈਂ ਇਹਨਾਂ ਕਾਇਦਿਆਂ ਤੋਂ ਪਾਰ ਜਾਵਾਂ, ਤਾਂ ਸਜ਼ਾ ਦੇਵੀਂ॥

ਮੇਰਾ ਹੈ ਫਰਜ਼, ਤੇਰਾ ਕਰਜ਼, ਮੋੜਨ ਦੀ ਕਰਾਂ ਕੋਸ਼ਿਸ਼,
ਜੇ ਮਾਂ ਮੈਂ ਫਰਜ਼ ਤੋਂ ਨਜ਼ਰਾਂ ਚੁਰਾਵਾਂ, ਤਾਂ ਸਜ਼ਾ ਦੇਵੀਂ॥

ਤੂੰ ਮੇਰੀ ਹਰ ਗ਼ਜ਼ਲ ਵਿਚ ਧੜਕਦਾ ਏਂ ਕਾਫ਼ੀਆ ਬਣਕੇ,
ਮੈਂ ਤੇਰੀ ਹੋਂਦ ਤੋਂ ਮੁਨਕਰ ਹੋ ਜਾਵਾਂ, ਤਾਂ ਸਜ਼ਾ ਦੇਵੀਂ॥

## 56.
## ਜੇ ਯਾਰ ਮੇਰੇ ਕਰੀਬ ਹੁੰਦਾ

ਜੇ ਯਾਰ ਮੇਰੇ ਕਰੀਬ ਹੁੰਦਾ।
ਤਾਂ ਪਲ ਖੁਸ਼ੀ ਦਾ ਨਸੀਬ ਹੁੰਦਾ॥

ਉਹ ਨਿਸ਼ਚਿਤ ਮੇਰਾ ਹਬੀਬ ਹੁੰਦਾ,
ਜੇ ਯਾਰ ਮੇਰਾ ਗ਼ਰੀਬ ਹੁੰਦਾ॥

ਸਮਾਂ, ਜਵਾਨੀ ਤੇ ਯਾਰ ਖੁੱਸਿਆ,
ਕਦੇ ਨਾ ਮੁੜ ਨਸੀਬ ਹੁੰਦਾ॥

ਇਹ ਯਾਰ ਸਾਰੇ ਸ਼ਰੀਕ ਲੱਗਦੇ,
ਜ਼ਮਾਨਾ ਸਾਰਾ ਰਕੀਬ ਹੁੰਦਾ॥

ਜੋ ਮੇਰੇ ਜਖ਼ਮਾਂ ਤੇ ਮਲ੍ਹਮ ਧਰਦਾ,
ਐ ਕਾਸ਼! ਕੋਈ ਹਬੀਬ ਹੁੰਦਾ॥

ਨਾ ਵਾਸ ਹੁੰਦਾ ਜੇ ਇਸ 'ਚ ਤੇਰਾ,
ਤਾਂ ਦਿਲ ਮੇਰਾ ਬਦਨਸੀਬ ਹੁੰਦਾ॥

## 57.
## ਜਖ਼ਮ ਹੀ ਜਖ਼ਮ ਨੇ ਦਰਦ ਹੀ ਦਰਦ ਹੈ

ਜਖ਼ਮ ਹੀ ਜਖ਼ਮ ਨੇ ਦਰਦ ਹੀ ਦਰਦ ਹੈ।
ਸਾਹ ਨੇ ਗਰਮ ਹੀ ਜਿਸਮ ਪਰ ਸਰਦ ਹੈ॥

ਯਾਰ ਤਾਂ ਦੂਰ ਹੈ ਦਿਲ ਮੇਰਾ ਪਰ ਚੂਰ ਏ,
ਦੂਰ ਹੈ ਜਾਣ ਕੇ ਬਹੁਤ ਬੇਦਰਦ ਹੈ॥

ਸ਼ਹਿਰ ਤੇਰੇ ਵਿਚ ਸਭ ਦੋਗਲੇ ਲੋਕ ਨੇ,
ਮੁੱਖ ਤੇ ਨੂਰ ਹੈ, ਦਿਲ ਤੇ ਪਰ ਗਰਦ ਹੈ॥

ਇਸ਼ਕ ਤੇ ਡੀਕ ਲਾ, ਰਤ ਮੇਰੀ ਪੀ ਲਈ,
ਉੜ ਗਈ ਲਾਲਗੀ, ਮੁੱਖ ਹੁਣ ਜ਼ਰਦ ਹੈ॥

ਹਰ ਖੁਸ਼ੀ ਹੈ, ਮਜ਼ਾ ਹੈ, ਨਸ਼ਾ ਬਹੁਤ ਹੀ,
ਪਰ ਖਜਾਨਾ ਮੇਰਾ ਅਸਲ ਡਾਹਢਾ ਦਰਦ ਹੈ॥

ਨਾਮ ਗੁੰਮਨਾਮ ਹੈ, ਹੋਂਦ ਹੈ ਜਲ ਜਿਹੀ,
ਇਹ 'ਗ਼ਜ਼ਲ' ਜੋ ਨਿਡਰ ਹੈ ਤੇ ਬੇਪਰਦ ਹੈ ॥

## 58.
## ਗੱਲ ਤੇਰੇ ਤੋਂ ਜਦੋਂ ਦੀ ਸੁਣ ਲਈ ਇਨਕਾਰ ਦੀ

ਗੱਲ ਤੇਰੇ ਤੋਂ ਜਦੋਂ ਦੀ ਸੁਣ ਲਈ ਇਨਕਾਰ ਦੀ।
ਵਿੱਚ ਵਿਚਾਲੇ ਰਹਿ ਗਈ ਮੈਂ ਆਰ ਦੀ ਨਾ ਪਾਰ ਦੀ॥

ਇਸ਼ਕ ਦੀ ਆਦਤ ਬੁਰੀ ਕੋਠੇ ਤੇ ਚੜ੍ਹ ਕੇ ਨੱਚਣਾ,
ਇਸ਼ਕ ਨੂੰ ਸੂਲੀ ਚੜਾਉਣਾ ਰੀਤ ਹੈ ਸੰਸਾਰ ਦੀ॥

ਮੈਂ ਉਹਦੇ ਹੱਥਾਂ ਦੀ ਪੁਤਲੀ ਕੰਮ ਹੈ ਬੱਸ ਨੱਚਣਾ,
ਉਹ ਜਿੰਵੇ ਮਰਜ਼ੀ ਨਚਾਵੇ ਮੌਜ ਹੈ ਸਰਕਾਰ ਦੀ॥

ਜੋ ਵੀ ਮਿਲਿਆ ਅੱਖ ਉਸਦੀ ਹੀ ਰਹੀ ਬੱਸ ਜਿਸਮ ਤੱਕ,
ਜਾਨ ਜੇ ਮੰਗਦਾ ਕੋਈ ਤਾਂ ਹੱਸ ਕੇ ਵਾਰਦੀ॥

ਆਉਣ ਨੂੰ ਤਾਂ ਆ ਵੀ ਸਕਦੀ ਹਾਂ ਸਮੁੰਦਰ ਚੀਰ ਕੇ,
ਦਿਲ ਤੋਂ ਦਿਲ ਤੱਕ ਦੀ ਹੀ ਸੱਜਣਾ ਵਾਟ ਮੈਨੂੰ ਮਾਰਦੀ॥

ਤੂੰ ਜੇ ਹੁੰਦਾ ਕੋਲ ਤੇਰੇ ਨਾਲ ਮਰਦੇ ਜੀਂਵਦੇ,
ਤੂੰ ਨਹੀਂ ਤਾਂ ਕੀ ਕਰਾਂਗੇ, ਜ਼ਿੰਦਗੀ ਬੇਕਾਰ ਦੀ॥

ਆ ਵੀ ਜਾ ਪਰਦੇਸ ਤੋਂ 'ਕੁਲਜੀਤ' ਵੱਲ ਹੁਣ ਆ ਵੀ ਜਾ,
ਦਿਲ 'ਚੋਂ ਨਿਕਲੀ ਹੂਕ, ਨਾ ਲੈ-ਲੈ ਕੇ ਵਾਜਾਂ ਮਾਰਦੀ॥

## 59.
## ਰਾਤਾਂ ਨੂੰ ਮੈਨੂੰ ਰੋਂਦਿਆਂ ਜਦ ਵੇਖਿਆ ਤਾਂ ਰੋ ਪਏ

ਰਾਤਾਂ ਨੂੰ ਮੈਨੂੰ ਰੋਂਦਿਆਂ ਜਦ ਵੇਖਿਆ, ਤਾਂ ਰੋ ਪਏ।
ਮੈਂ ਤਾਰਿਆਂ ਅੱਗੇ ਜਦੋਂ ਦਿਲ ਫੋਲਿਆ, ਤਾਂ ਰੋ ਪਏ॥

ਉਹ ਹੱਸ ਪਏ ਸੱਜਣਾ ਨੂੰ ਜਦ ਮੈਂ ਹਾਲ ਆਪਣਾ ਦੱਸਿਆ,
ਉਹਨਾਂ ਦੇ ਦਿਲ ਦਾ ਹਾਲ ਜਦ ਮੈਂ ਪੁੱਛਿਆ, ਤਾਂ ਰੋ ਪਏ॥

ਬੇਕਸੂਰਾਂ ਤਾਈਂ ਜ਼ਾਲਮ ਹੱਸ ਕੇ ਸਜ਼ਾ ਦੇਂਦੇ ਰਹੇ,
ਅਪਣੇ ਗੁਨਾਹਾਂ ਦਾ ਜੇ ਭਾਂਡਾ ਭੱਜਿਆ, ਤਾਂ ਰੋ ਪਏ॥

ਬਿਰਹਾ ਦੇ ਮਾਰੇ ਨੈਣ ਮੇਰੇ ਛਡ ਰਹੇ ਨੇ ਸਾਥ ਹੁਣ,
ਮੈਂ ਦੀਦ ਸੱਜਣਾ ਦੀ ਤੋਂ ਜਦ ਵੀ ਰੋਕਿਆ, ਤਾਂ ਰੋ ਪਏ॥

ਲੁਕ-ਲੁਕ ਰਹੇ ਜ਼ਾਲਮ ਕਮਾਉਂਦੇ ਠੱਗੀਆਂ ਬਦਮਾਸ਼ੀਆਂ,
ਪਰਦਾ ਸ਼ਰਾਫ਼ਤ ਦਾ ਜੋ ਮੁੱਖ ਤੋਂ ਲੱਥਿਆ, ਤਾਂ ਰੋ ਪਏ॥

ਉਹਨਾਂ ਦਾ ਹੀ ਬਸ ਨਾਮ ਸੀ, ਉਹਨਾਂ ਦੀ ਹੀ ਤਸਵੀਰ ਸੀ,
ਦਿਲ ਚੀਰ ਜਦ ਸੱਜਣਾ ਨੇ ਸਾਡਾ ਵੇਖਿਆ, ਤਾਂ ਰੋ ਪਏ॥

ਰੰਗ ਸੀਰਤ ਦਾ ਸੂਰਤਾਂ ਤੇ ਦਿਸ ਹੀ ਪੈਂਦਾ ਹੈ ਕਦੀ,
ਅੱਜ ਸੋਹਣਿਆਂ ਸ਼ੀਸ਼ੇ 'ਚ ਖੁਦ ਨੂੰ ਵੇਖਿਆ, ਤਾਂ ਰੋ ਪਏ॥

ਇਲਜ਼ਾਮ ਧਰ, ਬਦਨਾਮ ਕਰ ਜਿਹਨਾਂ 'ਗ਼ਜ਼ਲ' ਨੂੰ ਤੋਰਿਆ,
ਜਾਂਦੇ ਸਮੇਂ ਭੌਂ ਕੇ ਉਹਨਾਂ ਵਲ ਵੇਖਿਆ, ਤਾਂ ਰੋ ਪਏ॥

## 60.
## ਖੁਸ਼ੀ ਨਾ ਮੈਥੋਂ ਸਹਾਰ ਹੋਵੇ, ਨਾ ਗ਼ਮ ਹੀ ਕੋਈ ਸਹਾਰ ਹੋਵੇ

ਖੁਸ਼ੀ ਨਾ ਮੈਥੋਂ ਸਹਾਰ ਹੋਵੇ, ਨਾ ਗ਼ਮ ਹੀ ਕੋਈ ਸਹਾਰ ਹੋਵੇ।
ਦਿਲ ਇਹ ਮੇਰਾ ਜਾਪੇ, ਹੈ ਜਿੱਦਾਂ ਬੜੇ ਹੀ ਚਿਰ ਦਾ ਬਿਮਾਰ ਹੋਵੇ॥

ਕੋਈ ਤਾਂ ਐਸੀ ਅਸੀਸ ਦੇਵੋ, ਕਦੇ ਤਾਂ ਮੈਨੂੰ ਵੀ ਪਿਆਰ ਹੋਵੇ।
ਕਦੇ ਕਿਸੇ ਦੀ ਉਡੀਕ ਅੰਦਰ ਮੇਰਾ ਦਿਲ ਬੇਕਰਾਰ ਹੋਵੇ॥

ਉਹਦੀ ਚੰਨ ਵਰਗੀ ਹੀ ਚਾਨਣੀ ਹੈ, ਫੁੱਲ ਦੀ ਖੁਸ਼ਬੂ ਵਾਂਗ ਲਗਦਾ,
ਉਹਨੂੰ ਜੇ ਵੇਖਾਂ ਤਾਂ ਜਾਪਦਾ ਹੈ ਜਿਵੇਂ ਕਿ ਰੱਬ ਦਾ ਦੀਦਾਰ ਹੋਵੇ॥

ਭਾਂਵੇਂ ਦਿਲ ਇਹ ਫਨਾ ਹੋ ਜਾਵੇ ਚਾਹੇ ਜਿੰਦ ਤੇ ਜਾਨ ਜਾਏ,
ਹੋਵੇ ਦਿਲਬਰ ਦਾ ਹੁਕਮ ਜੋ ਵੀ ਉਹ ਨਾ ਸਾਥੋਂ ਨਕਾਰ ਹੋਵੇ॥

ਇਹ ਕਮਾਲ ਹੈ ਇਸ਼ਕ ਦਾ, ਕੋਈ ਵੀ ਅਪਣਾ ਰਿਹਾ ਨਾ ਅਪਣਾ,
ਜਿਵੇਂ 'ਗ਼ਜ਼ਲ' ਹੈ ਖੁਆਰ ਹੋਈ ਕੋਈ ਨਾ ਏਦਾਂ ਖੁਆਰ ਹੋਵੇ॥

## 61.
## ਯਾਦ ਤੇਰੀ ਫਿਰ ਹੈ ਆਈ, ਰਹਿਮ ਕਰ

ਯਾਦ ਤੇਰੀ ਫਿਰ ਹੈ ਆਈ, ਰਹਿਮ ਕਰ।
ਨੀਂਦ ਮੇਰੀ ਤਿਲਮਿਲਾਈ, ਰਹਿਮ ਕਰ॥

ਤੂੰ ਜਦੋਂ ਦਾ ਦੂਰ ਵਤਨੋਂ ਤੁਰ ਗਿਓਂ,
ਤਾਰ ਨਾ ਚਿੱਠੀ ਹੀ ਪਾਈ, ਰਹਿਮ ਕਰ॥

ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂ?
ਜਾਣ ਤੇ ਹੈ ਜਾਨ ਆਈ, ਰਹਿਮ ਕਰ॥

ਨਾਮ ਤੇਰੇ ਦਾ ਨਸ਼ਾ ਭਾਰੂ ਬੜਾ,
ਹੋ ਗਿਆ ਹੈ ਦਿਲ ਸ਼ੁਦਾਈ, ਰਹਿਮ ਕਰ॥

ਪਿਆਰ ਤਾਂ ਸਭ ਤੋਂ ਲੁਕਾ ਕੇ ਰੱਖਿਆ,
ਪੀੜ ਨ੍ਹੀ ਜਾਂਦੀ ਲੁਕਾਈ, ਰਹਿਮ ਕਰ॥

ਭੇਦ ਸਾਰੇ ਆਪੇ ਜ਼ਾਹਿਰ ਹੋ ਗਏ,
ਰਾਤ ਨੂੰ ਜਦ ਹੜਬੜਾਈ, ਰਹਿਮ ਕਰ॥

ਪੱਕ ਗਈ ਹੁਣ ਤਾਂ ਨਜ਼ਰ 'ਕੁਲਜੀਤ' ਦੀ,
ਰਾਹ ਤੇਰੇ ਤੇ ਹੈ ਟਿਕਾਈ, ਰਹਿਮ ਕਰ॥

## 62.
## ਸਜਾ ਵੀ ਕੋਈ ਤੂੰ ਸੁਣਾਈ ਨਹੀਂ ਹੈ

ਸਜਾ ਵੀ ਕੋਈ ਤੂੰ ਸੁਣਾਈ ਨਹੀਂ ਹੈ।
ਤੇ ਗੱਲ ਵੀ ਅਜੇ ਤਕ ਮੁਕਾਈ ਨਹੀਂ ਹੈ॥

ਜਦੋਂ ਤਕ ਬਰਾਬਰ ਕਮਾਈ ਨਹੀਂ ਹੈ।
ਉਦੋਂ ਤਕ ਇਹ ਮੁੱਕਣੀ ਲੜਾਈ ਨਹੀਂ ਹੈ॥

ਮੇਰੇ ਦਿਲ 'ਤੇ ਕੋਈ ਅਸਰ ਹੀ ਨ੍ਹੀ ਹੋਣਾ,
ਤੇਰੀ ਗੱਲ 'ਚ ਜੇਕਰ ਸਚਾਈ ਨਹੀਂ ਹੈ॥

ਛੱਡ ਦੇ ਤੂੰ ਮੈਨੂੰ ਮੇਰੇ ਹਾਲ ਉੱਤੇ,
ਮੇਰੇ ਰੋਗ ਦੀ ਜੇ ਦਵਾਈ ਨਹੀਂ ਹੈ॥

ਇਹ ਰੰਗੀ ਹੋਈ ਹੈ ਮੇਰੇ ਖ਼ੂਨ ਅੰਦਰ,
ਲਲਾਰੀ ਤੋਂ ਚੁੰਨੀ ਰੰਗਾਈ ਨਹੀਂ ਹੈ॥

ਮੈਂ ਪੜ੍ਹ ਲੈਂਦੀ ਹਾਂ ਚਿਹਰਿਆਂ ਤੇ ਜੋ ਲਿਖਿਆ,
ਇਹ ਵੀ ਕੋਈ ਥੋੜ੍ਹੀ ਪੜ੍ਹਾਈ ਨਹੀਂ ਹੈ॥

ਉਹਦਾ ਪਿਆਰ ਸੱਚਾ ਨਹੀਂ ਹੈ, ਕਿ ਜਿਹੜਾ
ਮੁਹੱਬਤ 'ਚ ਹੋਇਆ ਸ਼ੁਦਾਈ ਨਹੀਂ ਹੈ॥

ਐ ਬੰਦੇ ! ਉਹ ਕੰਮ ਹੀ ਭੁਲਾ ਦੇ ਦਿਲੋਂ ਤੂੰ
ਜ੍ਹਿਦੇ ਵਿੱਚ ਕਿਸੇ ਦੀ ਭਲਾਈ ਨਹੀਂ ਹੈ॥

ਕਮਾਈ 'ਗ਼ਜ਼ਲ' ਦੀ ਗ਼ਜ਼ਲ ਹੀ ਗ਼ਜ਼ਲ ਬੱਸ
ਕਮਾਈ ਕਿਸੇ ਦੀ ਚੁਰਾਈ ਨਹੀਂ ਹੈ ॥

## 63.
## ਜਦ ਕਦੇ ਰੁੱਖਾਂ 'ਤੇ ਪੰਛੀ ਚਹਿਚਿਹਾਇਆ ਕਰਨਗੇ

ਜਦ ਕਦੇ ਰੁੱਖਾਂ 'ਤੇ ਪੰਛੀ ਚਹਿਚਿਹਾਇਆ ਕਰਨਗੇ।
ਸ਼ਿਅਰ ਉਦੋਂ ਇਸ 'ਗ਼ਜ਼ਲ' ਦੇ ਯਾਦ ਆਇਆ ਕਰਨਗੇ ॥

ਮੇਰੇ ਨਾਂ ਦੀ ਸੁਣ ਕੇ ਚਰਚਾ ਸੜਦੇ- ਭੁਜਦੇ ਰਹਿੰਦੇ, ਜੋ
ਕਬਰ ਮੇਰੀ ਤੇ ਉਹੀ ਦੀਵੇ ਜਗਾਇਆ ਕਰਨਗੇ ॥

ਕੇਸਾਂ ਦੀ ਖ਼ਾਤਿਰ ਜਿਨ੍ਹਾਂ ਨੇ ਸਿਰ ਕਟਾਏ ਸੀ ਕਦੇ,
ਜਾਣਦੇ ਨਹੀਂ ਸੀ ਕਿ ਪੁੱਤਰ ਲਾਡਲੇ ਸਿਰ ਮੁਨਾਇਆ ਕਰਨਗੇ ॥

ਅੱਜ ਦੇ ਇਨਸਾਨ ਦੀ ਜੇ ਸੋਚ ਏਦਾਂ ਹੀ ਰਹੀ,
ਭਾਈ- ਭਾਈਆਂ ਦੇ ਲਹੂ ਵਿਚ ਹੀ ਨਹਾਇਆ ਕਰਨਗੇ ॥

ਮਰਦੀਆਂ ਰਹੀਆਂ ਜੇ ਕੰਜਕਾਂ ਤਾਂ ਸਮਾਂ ਉਹ ਦੂਰ ਨ੍ਹੀ,
ਭੈਣ ਦੇ ਜਦ ਤਨ ਤੇ ਭਾਈ ਹਕ ਜਤਾਇਆ ਕਰਨਗੇ ॥

ਦੂਜੇ ਦੀ ਮਿਹਨਤ, ਮੁਸ਼ੱਕਤ, ਹੱਕ ਖਾਨੈਂ, ਯਾਦ ਰੱਖ,
ਕੁੱਤੇ ਤੇਰੀ ਲਾਸ਼ ਦਾ ਮੌਂਜੂ ਉਡਾਇਆ ਕਰਨਗੇ ॥

ਸਾਰੇ ਜ਼ਾਲਮ ਖੁਦ- ਬਖ਼ੁਦ ਮੁਕ ਜਾਣਗੇ ਫਿਰ ਐ 'ਗ਼ਜ਼ਲ' !
ਰੋਜ਼ ਜਦ ਈਸਾ ਨਵਾਂ ਸੂਲੀ ਚੜ੍ਹਾਇਆ ਕਰਨਗੇ ॥

## 64.
## ਹਵਾਏ ! ਯਾਰ ਨੂੰ ਕਹਿਣਾ ਕਿ ਮੇਰਾ ਜੀਅ ਨਹੀਂ ਲਗਦਾ

ਹਵਾਏ ! ਯਾਰ ਨੂੰ ਕਹਿਣਾ, ਕਿ ਮੇਰਾ ਜੀਅ ਨਹੀਂ ਲਗਦਾ ।
ਮੇਰੀ ਸਰਕਾਰ ਨੂੰ ਕਹਿਣਾ, ਕਿ ਮੇਰਾ ਜੀਅ ਨਹੀਂ ਲਗਦਾ ।।

ਬੜੀ ਹੀ ਕਰਨਗੇ ਚਿੰਤਾ ਮੇਰੀ ਪਰਵਾਸ ਦੀ ਮਾਪੇ,
ਨਹੀਂ ਪਰਵਾਰ ਨੂੰ ਕਹਿਣਾ, ਕਿ ਮੇਰਾ ਜੀਅ ਨਹੀਂ ਲਗਦਾ ।।

ਵਤਨ ਵਲ ਜਾਂਦੀਏ 'ਵਾਏ ਕਲੀ ਬਿਰਹਾ ਦੀ ਮਾਰੀ ਮੈਂ,
ਖਿੜੇ ਗੁਲਜ਼ਾਰ ਨੂੰ ਕਹਿਣਾ, ਕਿ ਮੇਰਾ ਜੀਅ ਨਹੀਂ ਲਗਦਾ ।।

ਜਿਹਨੂੰ ਮਾਵਾ ਲਗਾਉਂਦੀ ਸਾਂ, ਜਿਹਦੀ ਪੂਣੀ ਕਰਾਉਂਦੀ ਸਾਂ,
ਉਹਦੀ ਦਸਤਾਰ ਨੂੰ ਕਹਿਣਾ, ਕਿ ਮੇਰਾ ਜੀਅ ਨਹੀਂ ਲਗਦਾ ।।

ਮੈਨੂੰ ਪਰਦੇਸ ਛੱਡ ਗੱਡੀਏ, ਜਦੋਂ ਮੁੜ ਕੇ ਤੂੰ ਆਵੇਂਗੀ,
ਮੇਰੇ ਸੰਸਾਰ ਨੂੰ ਕਹਿਣਾ, ਕਿ ਮੇਰਾ ਜੀਅ ਨਹੀਂ ਲਗਦਾ ।।

ਜੋ ਨਿਤ ਮੇਰੀ ਹਿਫਾਜ਼ਤ ਲਈ ਤੇਰੇ ਹੱਥਾਂ 'ਚ ਰਹਿੰਦੀ ਸੀ,
ਤੂੰ ਉਸ ਤਲਵਾਰ ਨੂੰ ਕਹਿਣਾ, ਕਿ ਮੇਰਾ ਜੀਅ ਨਹੀਂ ਲਗਦਾ ।।

## 65.
## ਅੱਖਾਂ ਦੇ ਵਿੱਚ ਲਾਲੀ ਹੈ

ਅੱਖਾਂ ਦੇ ਵਿੱਚ ਲਾਲੀ ਹੈ।
ਕੈਸਾ ਅਜ਼ਬ ਸਵਾਲੀ ਹੈ॥

ਕਹਿਣ ਨੂੰ ਬਾਗ਼ ਦਾ ਮਾਲੀ ਹੈ।
ਢਿੱਡ ਪਰ ਉਸਦਾ ਖਾਲੀ ਹੈ॥

ਤੇਰੇ ਕੰਨ ਵਿੱਚ ਵਾਲ਼ੀ ਹੈ।
ਕਿੰਨੀ ਕਰਮਾ ਵਾਲੀ ਹੈ॥

ਉਹ ਗ਼ਜ਼ਲਾਂ ਦਾ ਵਾਲੀ ਹੈ।
ਲਫ਼ਜ਼ਾਂ ਵਿੱਚ ਹਰਿਆਲੀ ਹੈ॥

ਚੰਨ ਹੈ ਮੇਰੀ ਗੋਦੀ ਵਿਚ,
ਰਾਤ ਕਿਉਂ ਫਿਰ ਵੀ ਕਾਲੀ ਹੈ॥

ਪਲ ਦੋ ਪਲ ਦੇ ਜੀਣ ਲਈ,
ਸਾਰੀ ਉਮਰ ਹੀ ਗਾਲੀ ਹੈ॥

ਸਿਵਾ ਤਾਂ ਬਲਦਾ ਹੈ ਮੇਰਾ,
ਤੇਰੇ ਲਈ ਦੀਵਾਲੀ ਹੈ॥

ਜਿਸ ਵਿਚ ਰਿਸ਼ਤੇ ਸੜਦੇ ਨੇ,
ਕਿਸਨੇ ਅੱਗ ਇਹ ਬਾਲੀ ਹੈ?

## 66.
## ਜੇ ਦੁਨੀਆਂ ਸਾਥ ਛੱਡ ਜਾਵੇ ਤਾਂ ਮੈਨੂੰ ਯਾਦ ਕਰ ਲੈਣਾ

ਜੇ ਦੁਨੀਆਂ ਸਾਥ ਛੱਡ ਜਾਵੇ, ਤਾਂ ਮੈਨੂੰ ਯਾਦ ਕਰ ਲੈਣਾ।
ਇਕੱਲਾਪਣ ਜੇ ਵੱਢ ਖਾਵੇ, ਤਾਂ ਮੈਨੂੰ ਯਾਦ ਕਰ ਲੈਣਾ॥

ਤੇਰੇ ਆਲੇ- ਦੁਆਲੇ ਰਿਸ਼ਤਿਆਂ ਦੀ ਭੀੜ੍ਹ ਹੈ, ਫਿਰ ਵੀ,
ਕੋਈ ਵੀ ਸਾਥ ਨਾ ਭਾਵੇ, ਤਾਂ ਮੈਨੂੰ ਯਾਦ ਕਰ ਲੈਣਾ॥

ਰਹੋ ਹਸਦੇ, ਖੁਸ਼ੀ ਵਸਦੇ, ਇਹੋ ਦਿਲ ਦੀ ਦੁਆ ਮੇਰੀ,
ਖੁਸ਼ੀ ਅੱਖਾਂ ਚੁਰਾ ਜਾਵੇ, ਤਾਂ ਮੈਨੂੰ ਯਾਦ ਕਰ ਲੈਣਾ॥

ਮੇਰੇ ਅੰਦਰ ਹੈ ਮੱਚਦੀ ਅੱਗ, ਤੇਰੇ ਵਿਚ ਵੀ ਹੋਵੇਗੀ,
ਫੁੱਟਣ ਜੇ ਹਿਜਰ ਦੇ ਲਾਵੇ, ਤਾਂ ਮੈਨੂੰ ਯਾਦ ਕਰ ਲੈਣਾ॥

ਤੁਹਾਡੇ ਇੱਕ ਇਸ਼ਾਰੇ ਤੇ ਮੇਰਾ ਦਿਲ- ਜਾਨ ਹਾਜ਼ਰ ਹੈ,
ਜਦੋਂ, ਜਿੱਥੇ ਵੀ ਦਿਲ ਚਾਹਵੇ, ਤਾਂ ਮੈਨੂੰ ਯਾਦ ਕਰ ਲੈਣਾ॥

ਇਹ ਮੰਨਿਆ ਹੈ, ਨਹੀਂ ਫੁਰਸਤ, ਤੈਨੂੰ ਧਰਮਾਂ ਤੇ ਕਰਮਾਂ ਤੋਂ,
ਕੋਈ ਪਲ ਵਿਹਲ ਦਾ ਆਵੇ, ਤਾਂ ਮੈਨੂੰ ਯਾਦ ਕਰ ਲੈਣਾ॥

ਜਵਾਨੀ ਢਲਦਿਆਂ ਹੀ ਸਾਥ ਸਭ ਛੱਡ ਜਾਣਗੇ ਤੇਰਾ,
ਬੁਢੇਪਾ ਸਿਰ ਤੇ ਮੰਡਰਾਵੇ, ਤਾਂ ਮੈਨੂੰ ਯਾਦ ਕਰ ਲੈਣਾ॥

ਮੈਂ ਹਰ ਹੀਲੇ ਨਿਭਾ ਜਾਊਂ, ਇਕੱਠੇ ਮਰਨ ਦੀਆਂ ਸੌਂਹਾਂ,
ਜੇ ਜੀਵਨ ਰਾਸ ਨਾ ਆਵੇ, ਤਾਂ ਮੈਨੂੰ ਯਾਦ ਕਰ ਲੈਣਾ॥